PUNJABI UNIVERSITY PATIALA

**ਐਮ.ਏ.(ਐਜੂਕੇਸ਼ਨ) ਭਾਗ ਪਹਿਲਾ**
**ਸਮੈਸਟਰ ਪਹਿਲਾ**

**ਪੇਪਰ ਪਹਿਲਾ**
**ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ**

**Department of Distance Education**
**Punjabi University, Patiala**
(All Copyrights are Reserved)

## ਭਾਗ-ੳ

1.1 ਸਿੱਖਿਆ : ਸੰਕਲਪ, ਖੇਤਰ ਅਤੇ ਕਾਰਜ

1.2 ਸਿੱਖਿਆ ਦੇ ਉਦੇਸ਼, ਲੋੜ, ਮਹੱਤਤਾ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ

1.3 ਸਿੱਖਿਆ ਦੇ ਉਦੇਸ਼ਾਂ ਦੀਆਂ ਕਿਸਮਾਂ

1.4 ਸਿੱਖਿਆ ਅਤੇ ਦਰਸ਼ਨ ਸ਼ਾਸਤਰ ਵਿੱਚ ਸੰਬੰਧ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ** www.dccpbi.com **ਤੋਂ ਡਾਊਨਲੋਡ ਕਰਨ।**

*ਪਾਠ ਨੰ: 1.1*

*ਲੇਖਕ - ਡਾ. ਜਸਰਾਜ ਕੌਰ*
*ਅਨੁਵਾਦਕ - ਡਾ. ਪੁਸ਼ਪਿੰਦਰ ਕੌਰ*

# *ਸਿੱਖਿਆ : ਸੰਕਲਪ, ਖੇਤਰ ਅਤੇ ਕਾਰਜ*

## ਪਾਠ ਦੀ ਬਣਤਰ

1.1.1 ਪਾਠ ਦੇ ਉਦੇਸ਼
1.1.2 ਜਾਣ-ਪਛਾਣ
1.1.3 ਸਿੱਖਿਆ ਦਾ ਅਰਥ
1.1.3.1 ਸਿੱਖਿਆ ਦੇ ਨਿਰੁਕਤਕ ਅਰਥ
1.1.3.2 ਸਿੱਖਿਆ ਦੀ ਵਰਣਾਤਮਕ ਧਾਰਨਾ
1.1.4 ਸਿੱਖਿਆ ਦਾ ਭਾਰਤੀ ਸੰਕਲਪ
1.1.5 ਸਿੱਖਿਆ ਦਾ ਪੱਛਮੀ ਸੰਕਲਪ
1.1.6 ਸਿੱਖਿਆ ਦੇ ਸੀਮਿਤ ਅਤੇ ਵਿਸ਼ਾਲ ਆਰਥ
1.1.7 ਸਿੱਖਿਆ ਦਾ ਖੇਤਰ
1.1.8 ਸਿੱਖਿਆ ਦੇ ਕਾਰਜ
1.1.8.1 ਮਨੁੱਖੀ ਜੀਵਨ ਵਿੱਚ ਸਿੱਖਿਆ ਦੇ ਕਾਰਜ
1.1.8.2 ਕੌਮੀ ਜੀਵਨ ਵਿੱਚ ਸਿੱਖਿਆ ਦੇ ਕਾਰਜ
1.1.9 ਸਾਰ
1.1.10 ਸੁਝਾਏ ਪ੍ਰਸ਼ਨ
1.1.11 ਸੁਝਾਈ ਪੁਸਤਕ ਸੂਚੀ

## 1.1.1 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਤੋਂ ਉਪਰੰਤ ਵਿਦਿਆਰਥੀ ਹੇਠ ਲਿਖੀਆਂ ਗੱਲ੍ਹਾਂ ਸਮਝਣ ਦੇ ਯੋਗ ਹੋ ਜਾਣਗੇ:

1. ਸਿੱਖਿਆ ਦੀ ਪਰਿਭਾਸ਼ਾ ਕਰ ਸਕਣਗੇ।
2. ਸਿੱਖਿਆ ਦੇ ਭਾਰਤੀ ਤੇ ਪੱਛਮੀ ਸੰਕਲਪਾਂ ਦਾ ਵਰਨਣ ਕਰ ਸਕਣਗੇ।
3. ਸਿੱਖਿਆ ਦੇ ਸ੍ਰੋਤ ਤੇ ਚੋਣ ਸੰਕਲਪਾਂ ਨੂੰ ਦਰਸਾ ਸਕਣਗੇ।
4. ਸਿੱਖਿਆ ਦੇ ਖੇਤਰ ਦਾ ਵਰਨਣ ਕਰ ਸਕਣਗੇ।
5. ਸਿੱਖਿਆ ਦੇ ਮਨੁੱਖੀ ਅਤੇ ਕੌਮੀ ਜੀਵਨ ਵਿਚ ਕਾਰਜ ਬਾਰ ਵਰਨਣ ਕਰ ਸਕਣਗੇ।

## 1.1.2 ਜਾਣ ਪਛਾਣ (Introduction)

ਸਿੱਖਿਆ ਇਕ ਕਠਿਨ ਸੰਕਲਪ ਹੈ ਤੇ ਇਸ ਨੂੰ ਸਮਝਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਬਾਰੇ ਵੱਖ-ਵੱਖ ਖੇਤਰਾਂ ਵਿਚ ਇਸ ਦੇ ਵੱਖਰੇ-ਵੱਖਰੇ ਸਮੇਂ ਤੇ ਵੱਖ-ਵੱਖ ਚਿੰਤਕਾਂ ਰਾਹੀਂ ਕੀਤੀਆਂ ਪਰਿਭਾਸ਼ਾਵਾਂ ਦਾ ਅਧਿਐਨ ਕੀਤਾ ਜਾਵੇ। ਇਸ ਦੇ ਖੇਤਰ ਵੱਲ ਤੇ ਝਾਤੀ ਮਾਰੀ ਜਾਵੇ ਅਤੇ ਇਸ ਦੇ ਹੋਰ ਸੰਕਲਪਾਂ ਨਾਲ ਸੰਬੰਧਾਂ ਦਾ ਅਧਿਐਨ ਕੀਤਾ ਜਾਵੇ। ਅਸੀਂ ਇਸ ਪਾਠ ਵਿਚ ਇਸ ਦੀਆਂ ਪ੍ਰੀਭਾਸ਼ਾਵਾਂ, ਸੰਕਲਪਾਂ ਤੇ ਖੇਤਰ ਬਾਰੇ ਵਿਚਾਰ ਕਰਾਂਗੇ।

**1.1.3 ਸਿੱਖਿਆ ਦੇ ਅਰਥ (Meaning of Education) :** ਇਸ ਨੂੰ ਦੋ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ (ੳ) ਨਿਰੁਕਤਕੀ ਮੂਲਕ ਧਾਰਨਾ (Etymological Approach) (ਅ) ਵਰਣਨਾਤਮਕ ਧਾਰਨਾ (Descriptive Approach)

### 1.1.3.1 ਸਿੱਖਿਆ ਦੇ ਨਿਰੁਕਤਕ ਅਰਥ (Etymological Meaning of Education)

ਅੰਗ੍ਰੇਜ਼ੀ ਵਿਚ ਸਿੱਖਿਆ ਨੂੰ "ਐਜੂਕੇਸ਼ਨ" ਕਿਹਾ ਜਾਂਦਾ ਹੈ। ਇਹ ਲਾਤੀਨੀ ਭਾਸ਼ਾ ਐਜੂਕੇਅਰ ਤੋਂ ਲਿਆ ਗਿਆ ਹੈ। ਇਸ ਦੇ ਅਰਥ ਹਨ ਪਾਲਣਾ, ਪੋਸਣਾ ਤੇ ਵੱਡਿਆ ਕਰਨਾ।

ਇਕ ਹੋਰ ਵਿਚਾਰ ਅਨੁਸਾਰ ਇਹ ਸ਼ਬਦ ਲਾਤੀਨੀ ਭਾਸ਼ਾ "ਐਜੂਸੀਅਰ" ਤੋਂ ਲਿਆ ਗਿਆ ਹੈ ਜਿਸ ਦਾ ਭਾਵ ਹੈ ਆਗੂ ਬਣਨਾ ਜਾ ਬਣਾਉਣਾ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲਾਤੀਨੀ ਭਾਸ਼ਾ ਦੇ ਸ਼ਬਦ "ਐਜੂਕੇਟਮ" ਤੋਂ ਬਣਿਆ ਹੈ ਜਿਸ ਦਾ ਭਾਵ ਹੈ ਅਧਿਆਪਨ ਦਾ ਕੰਮ ਕਰਨਾ ਜਾਂ ਫੇਰ ਸਿਖਲਾਈ ਦੇਣਾ।

ਕਈ ਵਿਦਵਾਨ ਇਸ ਤੇ ਨਿਰੋਲ ਵਾਤਾਵਰਨ ਦਾ ਪ੍ਰਭਾਵ ਦਸਦੇ ਹਨ ਤੇ ਕਈ ਇਸ ਵਿਚ ਜੱਦੀ ਅੰਸ਼ਾਂ ਦਾ ਭਾਗ ਵੀ ਦੱਸਦੇ ਹਨ।

### 1.1.3.2 ਸਿੱਖਿਆ ਦੀ ਵਰਣਨਾਤਮਕ ਧਾਰਨਾ (Descriptive Approach) :

(ੳ) ਸਿੱਖਿਆ ਦੋ ਪੱਖੀ ਪ੍ਰਕਿਰਿਆ ਹੈ

(ਅ) ਸਿੱਖਿਆ ਇਕ ਤ੍ਰੈਸ਼ਪੱਖੀ ਪ੍ਰਕਿਰਿਆ ਹੈ

(ੲ) ਸਿੱਖਿਆ ਇਕ ਮਨੋਰਥ ਪੂਰਨ ਪ੍ਰਕਿਰਿਆ ਹੈ

(ਸ) ਸਿੱਖਿਆ ਇਕ ਗਤੀਸ਼ੀਲ ਪ੍ਰਕਿਰਿਆ ਹੈ

(ਹ) ਸਿੱਖਿਆ ਵਿਗਿਆਨ ਵੀ ਹੈ ਤੇ ਕਲਾ ਵੀ।

## 1.1.4 ਸਿੱਖਿਆ ਦਾ ਭਾਰਤੀ ਸੰਕਲਪ (Indian Concept of Education)

ਭਾਰਤ ਵਿਚ ਸਿੱਖਿਆ ਦੀਆਂ ਜੜ੍ਹਾਂ ਬਹੁਤ ਹੀ ਡੂੰਘੀਆਂ ਹਨ। ਇਹ ਵੇਦਾਂ ਦੇ ਸਮੇਂ ਤੋਂ ਹੋਂਦ ਵਿਚ ਆਈ ਤੇ ਅੱਜ ਵੀ ਆਪਣੇ ਰੂਪ ਵਿਚ ਇਥੇ ਆਪਣੀਆਂ ਮੱਲਾਂ ਮਾਰ ਰਹੀ ਹੈ। ਇਹ ਗੱਲ ਵੱਖਰੀ ਹੈ ਕਿ ਬਾਹਰੀ ਹੁਕਮਰਾਨਾਂ ਨੇ ਇਸ ਦੀ ਰੂਪ ਰੇਖਾ ਹੀ ਵਿਗਾੜ ਕੇ ਰੱਖ ਦਿੱਤੀ ਹੈ।

ਰਿਗਵੇਦ ਅਨੁਸਾਰ, ਸਿੱਖਿਆ ਉਹ ਹੈ ਜੋ ਵਿਅਕਤੀ ਨੂੰ ਆਤਮ ਨਿਰਭਰ ਅਤੇ ਨਿਸ਼ਕਾਮ ਬਣਾਵੇ।

ਉਪਨਿਸ਼ਦਾਂ ਅਨੁਸਾਰ, ਸਿੱਖਿਆ ਉਹ ਹੈ ਜਿਸਦਾ ਮਨੋਰਥ ਮੁਕਤੀ ਹੈ।

ਅਰਥ ਸ਼ਾਸ਼ਤ੍ਰੀ ਕੌਟਲਿਯ ਅਨੁਸਾਰ, "ਸਿੱਖਿਆ ਦਾ ਅਰਥ ਹੈ ਦੇਸ਼ ਲਈ ਸਿਖਲਾਈ ਅਤੇ ਕੰਮ ਲਈ ਪਿਆਰ।"

ਭਾਰਤੀ ਫਿਲਾਸਫਰ ਸ਼ੰਕਰਾਚਾਰੀਯਾ ਅਨੁਸਾਰ, "ਸਿੱਖਿਆ ਆਦਮੀ ਅੰਦਰਲੀ ਪ੍ਰਮਾਤਮਾ ਦੀ ਪਹਿਲਾਂ ਤੋਂ ਹੋਈ ਸੰਪੂਰਨ ਹੋਂਦ ਦਾ ਪ੍ਰਕਾਸ਼ ਹੈ।"

ਮਹਾਤਮਾ ਗਾਂਧੀ ਦਾ ਕਥਨ ਹੈ, "ਸਿੱਖਿਆ ਤੋਂ ਮੈਂ ਸਮਝਦਾ ਹਾਂ ਕਿ ਬੱਚੇ ਨੂੰ ਸਮੁੱਚੇ ਤੌਰ ਤੇ ਅਤੇ ਮਨੁੱਖੀ ਸਰੀਰ, ਦਿਮਾਗ ਅਤੇ ਜ਼ਜ਼ਬੇ ਵਿੱਚ ਨਿਖਾਰ ਲਿਆਉਣਾ ਹੈ।"

ਗੁਰੂ ਨਾਨਕ ਦੇਵ ਜੀ ਅਨੁਸਾਰ, "ਸਿੱਖਿਆ ਆਪੇ ਦੀ ਪਛਾਣ ਅਤੇ ਲੋਕਾਂ ਦੀ ਸੇਵਾ ਹੈ।"

ਰਵਿੰਦਰ ਨਾਥ ਟੈਗੋਰ ਕਹਿੰਦੇ ਹਨ, "ਸਿੱਖਿਆ ਦਾ ਅਰਥ ਹੈ ਦਿਮਾਗ ਨੂੰ ਇਸ ਕਾਬਲ ਕਰ ਦੇਣਾ ਕਿ ਉਹ ਸਾਨੂੰ ਸਮੁੱਚੇ ਸੱਚ ਦੀ ਭਾਲ ਕਰਨ ਲਈ ਮਿੱਟੀ ਦੇ ਮੋਹ ਤੋਂ ਮੁਕਤ ਕਰੇ ਅਤੇ ਚੀਜ਼ਾਂ ਨਾਲ ਨਹੀਂ ਸਗੋਂ ਅੰਦਰੂਨੀ ਰੋਸ਼ਨੀ ਨਾਲ, ਤਾਕਤ ਨਾਲ ਨਹੀਂ ਸਗੋਂ ਪਿਆਰ ਨਾਲ ਮਾਲਾ ਮਾਲ ਕਰੇ ਤਾਂ ਜੋ ਉਹ ਸੱਚਾਈ ਨੂੰ ਅਪਣਾ ਲਵੇ ਤੇ ਇਸਨੂੰ ਦੱਸ ਸਕੇ।"

ਅਰਬਿੰਦੂ ਘੋਸ਼ ਨੇ ਸਿੱਖਿਆ ਸੰਬੰਧੀ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ ਕਿ ਇਹ ਵੱਧਦੀ ਹੋਈ ਵਿਅਕਤੀ ਚੇਤਨਾ ਨੂੰ ਅੰਦਰੂਨੀ ਹੋਂਦ ਸੰਬੰਧੀ ਜਾਣਕਾਰੀ ਵਿੱਚ ਮਦਦ ਦੇਣਾ ਹੈ।

ਯੂਨੀਵਰਸਿਟੀ ਕਮਿਸ਼ਨ ਦੀ ਰਿਪੋਰਟ (1948-49) ਅਨੁਸਾਰ, "ਸਿੱਖਿਆ ਭਾਰਤੀ ਰਿਵਾਜ਼ਾਂ ਲਈ ਰੋਜ਼ੀ ਕਮਾਉਣ ਦਾ ਸਾਧਨ ਨਹੀਂ ਤੇ ਨਾ ਹੀ ਸੋਚਾਂ ਦੀ ਪਾਲਣਾ ਤੇ ਸ਼ਹਿਰੀਪਣ ਦਾ ਸਕੂਲ ਹੈ। ਇਹ ਜ਼ਿੰਦਗੀ ਦੇ ਜ਼ਜ਼ਬਿਆਂ ਦੀ ਸ਼ੁਰੂਆਤ ਤੇ ਇਨਸਾਨੀ ਆਤਮਾ ਲਈ ਸੱਚ ਦੀ ਖੋਜ ਲਈ ਸਿਖਲਾਈ ਅਤੇ ਨੈਤਿਕਤਾ ਦੀ ਪਕਿਆਈ ਲਈ ਹੈ।"

ਕੁਠਾਰੀ ਸਿੱਖਿਆ ਕਮਿਸ਼ਨ ਅਨੁਸਾਰ, "ਸਿੱਖਿਆ ਜ਼ਿੰਦਗੀ ਨਾਲ ਸੰਬੰਧਿਤ ਲੋਕਾਂ ਦੀਆਂ ਲੋੜਾਂ ਅਤੇ ਇੱਛਾਵਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਇਹ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਕਾਇਆ ਪਲਟਣ ਵਾਸਤੇ ਪ੍ਰਬਲ ਬਣਾਉਣੀ ਚਾਹੀਦੀ ਹੈ।"

ਇਨ੍ਹਾਂ ਵਿਚ ਭਾਵੇਂ ਕੋਈ ਵੀ ਪਰਿਭਾਸ਼ਾ ਸੰਪੂਰਨ ਨਹੀਂ ਹੈ, ਪਰ ਇਨ੍ਹਾਂ ਵਿਚ ਹਰ ਪਰਿਭਾਸ਼ਾ ਇਕ ਵੱਖ-ਵੱਖ ਪ੍ਰਕਾਰ ਦਾ ਚਾਨਣ ਪਾਉਂਦੀ ਹੈ।

### 1.1.5 ਪੱਛਮੀ ਵਿਚਾਰਵਾਨਾਂ ਅਨੁਸਾਰ ਸਿੱਖਿਆ ਦਾ ਸੰਕਲਪ (Western Concept of Education) :-

ਪ੍ਰਾਚੀਨ ਪੱਛਮੀ ਵਿਦਵਾਨਾਂ ਨੇ ਇਸ ਨੂੰ ਆਪਣੇ ਢੰਗ ਨਾਲ ਦਰਸਾਇਆ ਹੈ ਜਦੋਂ ਕਿ ਆਧੁਨਿਕ ਸਿੱਖਿਆ ਸ਼ਾਸਤਰੀਆਂ ਨੇ ਇਸ ਦੇ ਵੱਖਰੇ ਵੱਖਰੇ ਅਰਥ ਕੱਢੇ ਹਨ।ਇਹ ਵੀ ਇਕ ਸਚਾਈ ਹੈ ਕਿ ਸਮੇਂ ਦੇ ਬੀਤਣ ਨਾਲ ਇਸ ਦੀਆਂ ਪਰਿਭਾਸ਼ਾਵਾਂ ਵੀ ਵੱਖਰੇ ਢੰਗ ਦਾ ਚਾਨਣ ਪਾਉਂਦੀਆਂ ਰਹੀਆਂ ਹਨ।

ਪਲੈਟੋ ਦੇ ਵਿਚਾਰ ਅਨੁਸਾਰ, "ਸਿੱਖਿਆ ਸਹੀ ਵਕਤ ਤੇ ਸੁੱਖ ਅਤੇ ਦੁੱਖ ਮਹਿਸੂਸ ਕਰਨ ਦੀ ਸਮਰੱਥਾ ਹੈ। ਇਹ ਵਿਦਿਆਰਥੀ ਦੇ ਸਰੀਰ ਅਤੇ ਆਤਮਾ ਵਿੱਚ ਵਿਕਾਸ ਕਰਦੀ ਹੈ ਜਿਸਦੇ ਸੁਹੱਪਣ ਅਤੇ ਸੰਪੂਰਨਤਾਵਾਂ ਲਈ ਉਹ ਯੋਗ ਹੁੰਦਾ ਹੈ।"

ਅਰਸਤੂ ਦਾ ਵਿਚਾਰ ਹੈ ਕਿ ਸਿੱਖਿਆ ਅਰੋਗ ਦਿਮਾਗ ਅਤੇ ਨਰੋਏ ਸਰੀਰ ਦੀ ਉਪਜ ਹੈ। ਇਹ ਆਦਮੀ ਦੀ ਵਿਕਾਸ ਯੋਗਤਾ, ਖਾਸ ਕਰਕੇ ਉਸਦੇ ਦਿਮਾਗ ਦੀ ਸੋਚ ਦਾ ਵਿਕਾਸ ਕਰਦੀ ਹੈ ਤਾਂ ਜੋ ਉਹ ਉੱਤਮ ਸੱਚ, ਚੰਗਿਆਈ ਅਤੇ ਸੁੰਦਰਤਾ ਨੂੰ ਮਾਣ ਸਕੇ ਜਿਸ ਵਿੱਚ ਵਿਸ਼ੇਸ਼ ਕਰਕੇ ਸੰਪੂਰਨਤਾ ਦੀ ਖੁਸ਼ੀ ਸ਼ਾਮਲ ਹੋਵੇ।

ਪੈਸਟੋਲੋਜੀ ਅਨੁਸਾਰ, "ਬੰਦੇ ਦੀਆਂ ਜਮਾਂਦਰੂ ਸ਼ਕਤੀਆਂ ਉੱਤੇ ਕੁਦਰਤੀ, ਇਕਸਾਰਤਾ ਵਾਲੀ ਪ੍ਰਗਤੀ ਵਿਕਾਸ ਹੀ ਸਿੱਖਿਆ ਹੈ।"

ਨਨ ਅਨੁਸਾਰ, "ਸਿੱਖਿਆ ਕਿਸੇ ਵਿਅਕਤਿਤਵ ਦਾ ਸੰਪੂਰਨ ਵਿਕਾਸ ਹੈ ਤਾਂ ਜੋ ਉਹ ਆਪਣੀ ਯੋਗਤਾ ਅਨੁਸਾਰ ਮਨੁੱਖੀ ਜੀਵਨ ਵਿਚ ਅਸਲ ਹਿੱਸਾ ਪਾ ਸਕੇ।"

ਰੌਸ ਅਨੁਸਾਰ, "ਬਹੁਮੁੱਲੀ ਸਖ਼ਸ਼ੀਅਤ ਅਤੇ ਅਧਿਆਤਮ ਵਿਅਕਤੀਵਾਦ ਦਾ ਵਿਕਾਸ ਹੀ ਸਿੱਖਿਆ ਦਾ ਟੀਚਾ ਹੈ।"

ਹਰਬਰਟ ਦਾ ਕਥਨ ਹੈ ਕਿ ,"ਸਿੱਖਿਆ ਚੰਗੇ ਨਾਲ ਚੱਲਣ ਦਾ ਵਿਕਾਸ ਹੈ।"

ਜਾਨ ਡਿਊਈ ਦੇ ਅਨੁਸਾਰ, "ਲਗਾਤਾਰ ਮੁੜ ਉਸਾਰੂ ਤਜਰਬਿਆਂ ਦੇ ਆਧਾਰ ਤੇ ਜੀਵਨ ਪ੍ਰਕਿਰਿਆ ਹੀ ਸਿੱਖਿਆ ਹੈ। ਇਹ ਕਿਸੇ ਵਿਅਕਤੀ ਦੀਆਂ ਉਹਨਾਂ ਯੋਗਤਾਵਾਂ ਦਾ ਵਿਕਾਸ ਹੈ ਜਿਨ੍ਹਾਂ ਕਾਰਨ ਉਹ ਆਪਣੇ ਆਲੇ-ਦੁਆਲੇ ਅਤੇ ਸੰਭਵਤਾਵਾਂ ਦੀ ਪੂਰਤੀ ਕਰਦਾ ਹੈ।

ਰੇਡਨ ਦੇ ਸ਼ਬਦਾਂ ਵਿੱਚ, "ਪ੍ਰੋੜ੍ਹ ਬੰਦਿਆਂ ਦਾ ਅਨਾੜੀ ਬੰਦਿਆਂ ਉੱਤੇ ਹਦਾਇਤਾਂ ਤੇ ਅਨੁਸ਼ਾਸ਼ਨ ਰਾਹੀਂ ਪਹਿਲਾਂ ਤੋਂ ਵਿਚਾਰਿਆ ਹੋਇਆ ਅਤੇ ਵਿਉਂਤ ਪੂਰਵਕ ਅਸਰ ਪਾਉਣਾ, ਸਰੀਰਕ ਵਿਕਾਸ, ਦਿਮਾਗੀ, ਸੁਹਜਵਾਦੀ ਅਤੇ ਮਨੁੱਖੀ ਅਧਿਆਤਮਕ ਸ਼ਕਤੀਆਂ, ਹਰੇਕ ਦੀਆਂ ਵਿਅਕਤੀਗਤ ਅਤੇ ਸਮਾਜਿਕ ਲੋੜਾਂ ਅਤੇ ਚੇਲੇ ਦਾ ਉਸਦੇ ਰਚਨਹਾਰੇ ਦੇ ਮਿਲਾਪ ਟੀਚੇ ਵੱਲ ਵਿਕਾਸ ਹੀ ਸਿੱਖਿਆ ਹੈ।"

ਰੇਡਨ ਦੀ ਪ੍ਰੀਭਾਸ਼ਾ ਅਨੁਸਾਰ ਮਨੁੱਖ ਸ਼ਿਸ਼ੂ ਜੋ ਕਿ ਜਨਮ ਦੇ ਸਮੇਂ ਅਵਿਕਸਿਤ ਅਤੇ ਅਪ੍ਰੋੜ੍ਹ ਹੁੰਦਾ ਹੈ, ਉਸਨੂੰ ਇੱਕ ਤਜ਼ਰਬੇਕਾਰ ਆਦਮੀ ਜਿਸਨੂੰ ਸਿੱਖਿਅਕ ਕਿਹਾ ਜਾਂਦਾ ਹੈ, ਇੱਕ ਨਿਯਮਬੱਧ ਸਿਖਲਾਈ ਅਤੇ ਅਨੁਸ਼ਾਸ਼ਿਤ ਕਿਰਿਆਵਾਂ ਦੁਆਰਾ ਪ੍ਰਭਾਵਿਤ ਕਰਦਾ ਹੈ ਅਤੇ ਇਸ ਤਰ੍ਹਾਂ ਤਿਆਰ ਕਰਦਾ ਹੈ ਕਿ ਉਹ ਆਪਣੀ ਜ਼ਿੰਦਗੀ ਦੀਆਂ ਜ਼ਰੂਰਤਾਂ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਨ ਦੇ ਯੋਗ ਹੋਣ ਦੇ ਨਾਲ-ਨਾਲ ਜ਼ਿੰਦਗੀ ਦਾ ਉੱਚਾ ਉਦੇਸ਼ ਕਿ ਮੌਤ ਤੋਂ ਬਾਦ ਪ੍ਰਮਾਤਮਾ ਨਾਲ ਇੱਕ ਮਿੱਕ ਹੋਣਾ, ਪ੍ਰਾਪਤ ਕਰ ਸਕੇ।

### 1.1.6 ਸਿੱਖਿਆ ਦੇ ਸੀਮਿਤ ਤੇ ਵਿਸ਼ਾਲ ਅਰਥ (Narrow and Broader Meaning of Education)

#### (ੳ) ਸਿੱਖਿਆ ਦਾ ਸੀਮਿਤ ਸੰਕਲਪ (Narrow Meaning of Education) :

ਇਸ ਅਨੁਸਾਰ ਸਿੱਖਿਆ ਕੁੱਝ ਨਿਸ਼ਚਿਤ ਘੇਰੇ ਵਿੱਚ ਹੀ ਸੀਮਿਤ ਹੁੰਦੀ ਹੈ। ਸਿੱਖਿਆ ਬੱਚੇ ਦੇ ਸਕੂਲ ਵਿੱਚ ਦਾਖ਼ਲ ਹੋਣ ਦੇ ਦਿਨ ਤੋਂ ਸ਼ੁਰੂ ਹੋ ਕੇ ਵਿਦਿਆਰਥੀ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਦ ਮੁੱਕ ਜਾਂਦੀ ਹੈ। ਇਹ ਸਿੱਖਿਆ ਕੇਵਲ ਪਾਠ ਪੜ੍ਹਾਉਣ ਤੱਕ ਸੀਮਿਤ ਹੈ। ਇਥੇ ਸਿੱਖਿਆ ਜਮਾਤ ਦੇ ਕਮਰਿਆਂ ਵਿੱਚ ਕਰਵਾਈ ਜਾਣ ਵਾਲੀ ਪੜ੍ਹਾਈ ਹੈ। ਇਥੇ ਸਿੱਖਿਆ ਦੇ ਅਰਥ ਹਦਾਇਤਾਂ ਨਾਲ ਮੇਲ ਖਾਂਦੇ ਹਨ।

#### (ਅ) ਸਿੱਖਿਆ ਦਾ ਵਿਸ਼ਾਲ ਸੰਕਲਪ (Broader Meaning of Education) :

ਵਿਸ਼ਾਲ ਗਿਆਨ ਅਨੁਸਾਰ ਸਿੱਖਿਆ ਦਾ ਭਾਵ ਸਾਰੀ ਉਮਰ ਚੱਲਣ ਵਾਲੀ ਪ੍ਰਕਿਰਿਆ ਹੈ। ਇੱਥੇ ਸਿੱਖਿਆ ਕਿਸੇ ਵੀ ਸਾਧਨ ਤੋਂ ਮਿਲ ਸਕਦੀ ਹੈ ਜਿਵੇਂ ਘਰ, ਗਲੀ, ਸਕੂਲ, ਸੁਸਾਇਟੀ, ਮੰਦਰ, ਖੇਡ ਮੈਦਾਨ, ਸਿਨੇਮਾ ਆਦਿ। ਵਿਸ਼ਾਲ ਸੰਕਲਪ ਅਨੁਸਾਰ ਪੂਰੀ ਜ਼ਿੰਦਗੀ ਜੋ ਜ਼ਿੰਦਾਦਿਲੀ ਨਾਲ ਜੀਵੀ ਜਾਵੇ, ਸਿੱਖਿਆ ਹੈ। ਇਸ ਧਾਰਨਾ ਅਨੁਸਾਰ ਪਾਠਕ੍ਰਮ ਅਨਿਸ਼ਚਿਤ ਹੁੰਦਾ ਹੈ।

ਸਿੱਖਿਆ ਦੇ ਸੀਮਿਤ ਅਤੇ ਵਿਸ਼ਾਲ ਅਰਥਾਂ ਵਿਚ ਸੰਧੀ ਕਰਨੀ ਹੋਵੇਗੀ ਕਿਉਂਕਿ ਇਹ ਇੱਕ ਦੂਜੇ ਦੇ ਸਨਮਾਨ ਸੂਚਕ ਹਨ।

ਹੇਠਾਂ ਲਿਖੇ ਸ਼ਬਦਾਂ ਤੋਂ ਇਹ ਤੱਥ ਭਲੀ-ਭਾਂਤ ਸਾਹਮਣੇ ਆਉਂਦੇ ਹਨ :-

ਗਿਬਸਨਜ਼ ਅਨੁਸਾਰ, "ਹਰ ਮਨੁੱਖ ਕੋਲ ਦੋ ਸਿੱਖਿਆਵਾਂ ਹੁੰਦੀਆਂ ਹਨ, ਇੱਕ ਉਹ ਜੋ ਦੂਜਿਆਂ ਤੋਂ ਪ੍ਰਾਪਤ ਕਰਦਾ ਹੈ ਅਤੇ ਇੱਕ ਹੋਰ ਮਹੱਤਵਪੂਰਨ ਸਿੱਖਿਆ ਜੋ ਉਹ ਆਪਣੇ ਆਪ ਨੂੰ ਦਿੰਦਾ ਹੈ।"

#### (ੲ) ਸਿੱਖਿਆ ਦੇ ਸੰਕਲਪ ਦਾ ਵਿਸ਼ਲੇਸ਼ਣ (Analysis of Concept of Education) :

ਉਪਰ ਲਿਖੀਆਂ ਪ੍ਰੀਭਾਸ਼ਾਵਾਂ ਦੇ ਆਧਾਰ ਤੇ ਸਿੱਖਿਆ ਦੇ ਅਰਥ ਹੇਠ ਲਿਖੇ ਅਨੁਸਾਰ ਹਨ :-

(ੳ) ਹਰ ਇੱਕ ਬੱਚਾ ਕੁੱਝ ਇੱਕ ਅੰਤਰੀਵ ਭਾਵਨਾਵਾਂ, ਸੰਭਾਵਨਾਵਾਂ ਅਤੇ ਪਿਤਾਪੁਰਖੀ ਸ਼ਕਤੀਆਂ ਨਾਲ ਲੈ ਕੇ ਪੈਦਾ ਹੁੰਦਾ ਹੈ। ਸਿੱਖਿਆ ਨੇ ਇਹਨਾਂ ਨੂੰ ਵਿਅਕਤੀ ਦੇ ਅੰਦਰੋਂ ਬਾਹਰ ਕੱਢਣਾ ਹੁੰਦਾ ਹੈ ਤੇ ਉਹਨਾਂ ਦਾ ਪੂਰਨ ਭਾਂਤ ਵਿਕਾਸ ਕਰਨਾ ਹੁੰਦਾ ਹੈ।

(ਅ) ਸਿੱਖਿਆ ਇੱਕ ਜ਼ੋਰਦਾਰ ਪ੍ਰਕ੍ਰਿਆ ਹੁੰਦੀ ਹੈ ਜੋ ਬੱਚੇ ਦਾ ਬਦਲ ਰਹੀਆਂ ਪ੍ਰਸਥਿਤੀਆਂ ਤੇ ਸਮੇਂ ਅਨੁਸਾਰ ਵਿਕਾਸ ਕਰਦੀ ਹੈ। ਇਹ ਕਦੇ ਰੁਕਦੀ ਨਹੀਂ।

(ੲ) ਸਿੱਖਿਆ, ਸਕੂਲ ਵਿੱਚ ਦਿੱਤੇ ਜਾਣ ਵਾਲੇ ਗਿਆਨ ਤੱਕ ਸੀਮਤ ਨਹੀਂ ਹੈ। ਇਸਦੀ ਪ੍ਰਕਿਰਿਆ ਜਨਮ ਤੋਂ ਲੈ ਕੇ ਮੌਤ ਤੱਕ ਨਿਰੰਤਰ ਚਲਦੀ ਹੈ। ਇਹ ਸ਼ਖਸੀਅਤ ਦਾ ਵਿਕਾਸ ਕਰਨ ਦਾ ਸਾਧਨ ਹੈ।

(ਸ) ਸਿੱਖਿਆ ਦੋ ਪੱਖੀ ਅਤੇ ਨਿਰੰਤਰ ਵਿਕਾਸ ਕਰਨ ਵਾਲੀ ਪ੍ਰਕਿਰਿਆ ਹੈ। ਸਿੱਖਿਆ ਪ੍ਰਾਪਤ ਕਰਨ ਵਾਲੇ ਅਤੇ ਸਿੱਖਿਆ ਪ੍ਰਦਾਨ ਕਰਨ ਵਾਲਾ ਦੋਵੇਂ ਹੀ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਸਿੱਖਿਆ ਦੇਣ ਵਾਲੇ ਵਿਅਕਤੀ ਦੇ ਵਿਅਕਤੀਤਵ ਦਾ ਸਿੱਖਿਆ ਪ੍ਰਾਪਤ ਕਰਨ ਵਾਲੇ ਉੱਪਰ ਤਾਂ ਲਗਾਤਾਰ ਪ੍ਰਭਾਵ ਪੈਂਦਾ ਹੀ ਹੈ, ਪਰ ਸਿੱਖਿਆ ਪ੍ਰਾਪਤ ਕਰਨ ਵਾਲਾ ਵੀ ਆਪਣੇ ਪ੍ਰਭਾਵ ਅੰਕਿਤ ਕਰਦਾ ਰਹਿੰਦਾ ਹੈ।

(ਹ) ਹਰ ਕੌਮ ਦੀ ਆਪਣੀ ਸਭਿਅਤਾ ਹੁੰਦੀ ਹੈ। ਜਿਸ ਵਿਚ ਉਹ ਮਾਣ ਮਹਿਸੂਸ ਕਰਦਾ ਹੁੰਦਾ ਹੈ। ਵਿਅਕਤੀ ਆਪਣੀ ਸਭਿਅਤਾ ਨੂੰ ਵਿਰਸੇ ਵਿਚੋਂ ਪ੍ਰਾਪਤ ਕਰਦਾ ਹੈ ਅਤੇ ਇਸਨੂੰ ਸੰਭਾਲ ਕੇ ਇਸ ਵਿੱਚ ਵਾਧਾ ਕਰਕੇ ਅਗਲੀ ਪੀੜ੍ਹੀ ਨੂੰ ਸੌਂਪਣਾ ਹੁੰਦਾ ਹੈ। ਸਿੱਖਿਆ ਵਿਅਕਤੀ ਨੂੰ ਇਸਦੇ ਯੋਗ ਬਣਾਉਂਦੀ ਹੈ। ਸਭਿਆਚਾਰ ਵਿਰਸਾ ਸਾਡੀਆਂ ਆਦਤਾਂ, ਉੱਠਣ ਬੈਠਣ, ਖਾਣ-ਪੀਣ ਦੇ ਢੰਗ, ਸਾਡੇ ਰੀਤੀ ਰਿਵਾਜਾਂ ਵਿੱਚ ਬਦਲਾਵ ਲਿਆਉਂਦਾ ਹੈ। ਇਹ ਸਭ ਕੁੱਝ ਸਿੱਖਿਆ ਪ੍ਰਕਿਰਿਆ ਤੇ ਹੀ ਨਿਰਭਰ ਕਰਦਾ ਹੈ।

## 1.1.7 ਸਿੱਖਿਆ ਦਾ ਖੇਤਰ (Scope of Education)

ਸਿੱਖਿਆ ਜਿਸ ਪ੍ਰਕਾਰ ਬਹੁਤ ਤਰ੍ਹਾਂ ਦੀਆਂ ਕਿਰਿਆਵਾਂ, ਤਜ਼ਰਬੇ ਅਤੇ ਸੂਝ-ਬੂਝ ਪ੍ਰਦਾਨ ਕਰਦੀ ਹੈ, ਇਸਦਾ ਖੇਤਰ ਬਹੁਤ ਹੀ ਵਿਸ਼ਾਲ ਹੈ ਅਤੇ ਇਸਦਾ ਉਦੇਸ਼ ਇੱਕ ਵਿਅਕਤੀ ਦਾ ਪੂਰਾ ਜੀਵਨ ਹੈ। ਇਹ ਬਾਕੀ ਵਿਸ਼ਿਆਂ ਜਿਵੇਂ ਦਰਸ਼ਨ-ਸ਼ਾਸ਼ਤਰ, ਧਰਮ, ਮਨੋਵਿਗਿਆਨ, ਭੌਤਿਕ ਵਿਗਿਆਨ, ਰਾਜਨੀਤੀ, ਇਤਿਹਾਸ, ਅਰਥ-ਸ਼ਾਸ਼ਤਰ ਅਤੇ ਹੋਰ ਸਮਾਜਕ ਵਿਗਿਆਨਾਂ ਵਿਚੋਂ ਕੇਵਲ ਕਿਰਿਆਤਮਕ ਪਦਾਰਥ ਕੱਢਦੀ ਹੈ,ਜੋ ਕਿ ਅੱਜ ਦੇ ਸਮਾਜਿਕ ਢਾਂਚੇ ਦੀਆਂ ਜ਼ਰੂਰਤਾਂ ਅਨੁਸਾਰ ਮਾਨਵੀ ਵਿਵਹਾਰ ਨੂੰ ਸੁਧਾਰ ਸਕਦੇ ਹਨ ਅਤੇ ਪੂਰਨ ਮਾਨਵੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੇ ਹਨ। ਜੀਵਨ ਦੇ ਵਿਸ਼ਾਲ ਖੇਤਰ ਵਿੱਚ, ਸਿੱਖਿਆ ਹੁਣ ਇੱਕ ਵਿਸ਼ੇ ਦੇ ਤੌਰ ਤੇ ਜਾਣੀ ਜਾਂਦੀ ਹੈ। ਭਾਵੇਂ ਸਿੱਖਿਆ ਦੇ ਖੇਤਰ ਦਾ ਵਰਨਣ ਕਰਨਾ ਤਾਂ ਸੰਭਵ ਨਹੀਂ ਹੁੰਦਾ, ਪਰ ਫੇਰ ਵੀ ਸਿੱਖਿਆ ਦੇ ਖੇਤਰ ਵਿੱਚ ਮੂਲ ਰੂਪ ਵਿੱਚ ਹੇਠ ਲਿਖੇ ਦ੍ਰਿਸ਼ਟੀਕੋਣ ਸ਼ਾਮਿਲ ਕੀਤੇ ਜਾ ਸਕਦੇ ਹਨ ।

**1. ਸਿੱਖਿਅਕ ਦਰਸ਼ਨ ਸ਼ਾਸਤਰ (Educational Philosophy):** ਫ਼ਲਸਫ਼ਾ ਸਾਰੇ ਮਜ਼ਬੂਨਾਂ ਦੀ ਮਾਂ ਹੁੰਦੀ ਹੈ। ਸਿੱਖਿਆ ਵੀ ਉਸ ਮਾਂ ਦੇ ਅੰਸ਼ ਵਿੱਚੋਂ ਇੱਕ ਹੈ। ਇਸ ਨੂੰ ਇਸ ਨਾਲੋਂ ਵੱਖਰਾ ਕਦੇ ਵੀ ਕੀਤਾ ਜਾ ਸਕਦਾ ਹੈ। ਸਿੱਖਿਆ ਦੇ ਦਰਸ਼ਨ ਸ਼ਾਸ਼ਤਰ ਦੇ ਆਧਾਰ ਤੇ ਅਸੀਂ ਸਿੱਖਿਆ ਦੀ ਪ੍ਰਕਿਰਤੀ, ਸਿੱਖਿਆ ਦੀ ਮਹੱਤਤਾ, ਸਿੱਖਿਆ ਦੇ ਉਦੇਸ਼, ਸਿੱਖਿਆ ਦੀ ਲੋੜ, ਸਿੱਖਿਆ ਅਤੇ ਦਰਸ਼ਨ ਸ਼ਾਸ਼ਤਰ ਵਿੱਚ ਸੰਬੰਧ ਅਤੇ ਵੱਖ-ਵੱਖ ਸਿੱਖਿਅਕ ਵਿਚਾਰਾਂ ਬਾਰੇ ਅਧਿਐਨ ਕਰਦੇ ਹਾਂ।

**2. ਸਿੱਖਿਅਕ ਮਨੋਵਿਗਿਆਨ (Educational Psychology):** ਅੱਜ ਸਿੱਖਿਆ ਤੇ ਸਿੱਖਿਅਕ ਮਨੋਵਿਗਿਆਨ ਵਿਚ ਰਿਸ਼ਤਾ ਏਨਾ ਪੱਕਾ ਹੋ ਗਿਆ ਹੈ ਕਿ ਜੇ ਇਨ੍ਹਾਂ ਨੂੰ ਵੱਖਰਾ ਕਰਨ ਦਾ ਯਤਨ ਕੀਤਾ ਜਾਵੇ ਤਾਂ ਇਹ ਦੋਵੇਂ ਪੱਖ ਹੀ ਖੇਰੂੰ-ਖੇਰੂੰ ਹੋ ਜਾਣਗੇ।

ਆਧੁਨਿਕ ਸਿੱਖਿਆ ਦੀ ਪ੍ਰਣਾਲੀ ਵਿੱਚ ਬੱਚੇ ਨੂੰ ਕੇਂਦਰੀ ਬਿੰਦੂ ਮੰਨਿਆ ਜਾਂਦਾ ਹੈ। ਸਿੱਖਿਅਕ ਮਨੋਵਿਗਿਆਨ ਬੱਚੇ ਦੇ ਭੌਤਿਕ ਅਤੇ ਮਾਨਸਿਕ ਵਿਕਾਸ, ਉਸਦੇ ਸਮਾਜਿਕ ਅਤੇ ਸਮੁਦਾਇ ਵਿਕਾਸ, ਵਿਅਕਤਿਤਵ, ਬੁੱਧੀ, ਯੋਗਤਾ, ਸਮੱਰਥਾ, ਰੁਝਾਨ, ਸੋਚਣ-ਸ਼ਕਤੀ, ਯਾਦ ਸ਼ਕਤੀ ਆਦਿ ਬਾਰੇ ਅਧਿਐਨ ਕਰਦਾ ਹੈ। ਇਹ ਸਿੱਖਣ ਦੀਆਂ ਵਿਧੀਆਂ ਦੇ ਅਲੱਗ-ਅਲੱਗ ਤਰੀਕਿਆਂ, ਸਿੱਖਣ ਵਿੱਚ ਬੱਚੇ ਦਾ ਰੁਝਾਨ, ਸਿੱਖਣ ਦੀਆਂ ਹਾਲਤਾਂ ਆਦਿ ਬਾਰੇ ਵੀ ਅਧਿਐਨ ਕਰਦਾ ਹੈ।

3. **ਸਿੱਖਿਆ ਦਾ ਇਤਿਹਾਸ (History of Education):** ਸਿੱਖਿਆ ਦਾ ਇਤਿਹਾਸ, ਸਿੱਖਿਆ ਦੇ ਪੁਰਾਣੇ ਵਿਚਾਰ ਅਤੇ ਸਿੱਖਿਆ ਦੀਆਂ ਵੱਖ-ਵੱਖ ਸਮੱਸਿਆਵਾਂ ਸੁਲਝਾਉਣ ਵਿੱਚ ਮਦਦ ਕਰਦੇ ਹਨ। ਇਸ ਵਿੱਚ ਇਤਿਹਾਸ ਦੇ ਵੱਖ-ਵੱਖ ਸਮਿਆਂ ਵਿੱਚ ਸਿੱਖਿਅਕ ਗਠਨ, ਸਭਿਆਚਾਰ ਅਤੇ ਸਿੱਖਿਆ ਦੇ ਸੰਬੰਧ ਅਤੇ ਵੱਖ-ਵੱਖ ਸਿੱਖਿਆ ਸ਼ਾਸਤਰੀਆਂ ਦੇ ਸਿੱਖਿਅਕ ਵਿਚਾਰਾਂ ਬਾਰੇ ਅਧਿਐਨ ਕਰਦੇ ਹਾਂ।

4. **ਪੜ੍ਹਾਉਣ ਦੀਆਂ ਵਿਧੀਆਂ (Teaching Methods):** ਹੁਣ ਜਮਾਨਾ ਤਕਨੋਲੋਜੀ ਦਾ ਹੈ। ਜਿਸ ਦੀ ਤਰੱਕੀ ਦੇ ਕਾਰਨ ਸਿੱਖਿਆ ਪ੍ਰਦਾਨ ਕਰਨ ਦੀਆਂ ਵਿਧੀਆਂ ਵਿਚ ਅਤਿ ਦਾ ਅੰਤਰ ਆ ਰਿਹਾ ਹੈ। ਇਹ ਸਾਰੀ ਤਰੱਕੀ ਪੜ੍ਹਾਉਣ ਦੀਆਂ ਵਿਧੀਆਂ ਦੇ ਅਨੁਸਾਰ ਹੀ ਹੋ ਰਹੀ ਹੈ।ਵੱਖ-ਵੱਖ ਵਿਸ਼ਿਆਂ ਲਈ, ਵੱਖ-ਵੱਖ ਪੜ੍ਹਾਉਣ ਦੀਆਂ ਵਿਧੀਆਂ ਲੋੜੀਂਦੀਆਂ ਹਨ। ਅਧਿਆਪਨ ਦੀ ਪ੍ਰਣਾਲੀ ਵਿੱਚ ਅਧਿਆਪਨ ਅਤੇ ਸਿੱਖਣਾ ਸ਼ਾਮਿਲ ਹਨ। ਇਸ ਸ਼ਾਖਾ ਵਿੱਚ ਅਧਿਆਪਨ ਦੀ ਪ੍ਰਕਿਰਤੀ, ਅਧਿਆਪਨ ਦੇ ਉਦੇਸ਼ ਅਤੇ ਲੋੜ, ਅਧਿਆਪਨ ਅਤੇ ਸਿੱਖਣ ਦੀਆਂ ਕਿਰਿਆਵਾਂ, ਅਧਿਆਪਨ ਦੀ ਸਫਲਤਾ ਅਤੇ ਅਸਫਲਤਾ ਦਾ ਮੁਲਾਂਕਣ ਕਰਨਾ ਆਦਿ ਬਾਰੇ ਅਧਿਐਨ ਕੀਤਾ ਜਾਂਦਾ ਹੈ।

5. **ਸਿੱਖਿਅਕ ਪ੍ਰਬੰਧ (Educational Administration):** ਇੱਕ ਦੇਸ਼ ਦੀ ਸਿੱਖਿਆ ਪ੍ਰਣਾਲੀ ਸਿੱਖਿਆ ਦੇ ਪ੍ਰਬੰਧ ਤੇ ਨਿਰਭਰ ਕਰਦੀ ਹੈ। ਇਸ ਸ਼ਾਖਾ ਵਿੱਚ ਸਕੂਲਾਂ ਦਾ ਸੰਸਥਾਪਨ, ਉਨ੍ਹਾਂ ਦਾ ਪ੍ਰਬੰਧ, ਨਿਗਰਾਨ ਅਤੇ ਕੰਟਰੋਲ, ਉਨ੍ਹਾਂ ਦੀ ਮੁਲਾਂਕਣ ਪ੍ਰਣਾਲੀ, ਪ੍ਰਬੰਧਕਾਂ, ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਹੋਰ ਮੁਲਾਜ਼ਮਾਂ ਦੀ ਭਰਤੀ, ਉਨ੍ਹਾਂ ਦੀ ਤਨਖਾਹ ਅਤੇ ਹੋਰ ਭੱਤੇ, ਉਨ੍ਹਾਂ ਦੀਆਂ ਕੰਮ ਕਰਨ ਦੀਆਂ ਹਾਲਤਾਂ ਆਦਿ ਬਾਰੇ ਅਧਿਐਨ ਕੀਤਾ ਜਾਂਦਾ ਹੈ।

6. **ਤੁਲਨਾਤਮਕ ਸਿੱਖਿਆ (Comparative Education):** ਤੁਲਨਾਤਮਕ ਸਿੱਖਿਆ ਪ੍ਰਣਾਲੀ ਦੇ ਵੱਖ-ਵੱਖ ਢਾਂਚਿਆਂ, ਕਿਰਿਆ-ਪ੍ਰਣਾਲੀਆਂ, ਉਦੇਸ਼ਾਂ, ਵਿਧੀਆਂ ਅਤੇ ਉ"ਤਪਤੀਆਂ ਦੀ ਆਪਸੀ ਤੁਲਨਾ ਤੇ ਵੱਖ-ਵੱਖ ਦੇਸ਼ਾਂ ਦੇ ਅਭਿਆਸਾਂ ਦਾ ਅਧਿਐਨ ਹੈ। ਇਹ ਠੀਕ ਹੀ ਕਿਹਾ ਜਾਂਦਾ ਹੈ ਕਿ ਜੇ ਕਿਸੇ ਨੂੰ ਸਿੱਖਿਆ ਦਾ ਗਿਆਨ ਪ੍ਰਦਾਨ ਕਰਨਾ ਹੈ ਤਾਂ ਉਸ ਨੂੰ ਤੁਲਨਾਤਮਿਕ ਸਿੱਖਿਆ ਤੋਂ ਹੀ ਆਰੰਭ ਕਰਨਾ ਚਾਹੀਦਾ ਹੁੰਦਾ ਹੈ।

7. **ਸਿੱਖਿਅਕ ਸਮੱਸਿਆਵਾਂ (Educational Problems):** ਇਹ ਸ਼ਾਖਾ ਵੱਖ-ਵੱਖ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲਾਂ ਦਾ ਅਧਿਐਨ ਕਰਦੀ ਹੈ। ਇਸ ਵਿੱਚ ਸ਼ਾਮਿਲ ਵਿਸ਼ੇ ਹਨ - ਸਿੱਖਿਆ ਦੇ ਵੱਖ-ਵੱਖ ਪੱਧਰਾਂ ਤੇ ਆਉਣ ਵਾਲੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਉਪਾਅ, ਵੱਖ-ਵੱਖ ਸਟੇਜਾਂ ਦੀ ਮਿਆਦ, ਪਾਠਕ੍ਰਮ, ਪੜ੍ਹਾਉਣ ਦਾ ਮਾਧਿਅਮ, ਸਿੱਖਿਆ ਦੇ ਖੇਤਰ ਵਿੱਚ ਸਥਿਰਤਾ ਅਤੇ ਨੁਕਸਾਨ ਆਦਿ। ਜਿਉਂ ਜਿਉਂ ਆਧੁਨੀਕਰਨ, ਅੰਤਰ ਰਾਸ਼ਟਰੀਕਰਨ ਤੇ ਦੁਨਿਆਵੀਂਕਰਨ ਦੀਆਂ ਕੀਮਤਾਂ ਪੱਕੀਆਂ ਹੋ ਰਹੀਆਂ ਹਨ, ਸਿੱਖਿਆ ਦੀਆਂ ਸਮੱਸਿਆਵਾਂ ਵੀ ਵੱਧ ਰਹੀਆਂ ਹਨ। ਅੱਜ ਦੁਨੀਆਂ ਵਿੱਚ ਨਸ਼ਾ ਕਰਨ ਦੀ ਸਮੱਸਿਆ ਏਨੀ ਗੰਭੀਰ ਹੋ ਗਈ ਹੈ ਕਿ ਇਸ ਨੇ ਵਿਅਕਤੀਆਂ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਹੈ।

ਸਿੱਖਿਆ ਦਾ ਖੇਤਰ ਬਹੁਤ ਵਿਸ਼ਾਲ ਅਤੇ ਵਿਆਪਕ ਹੈ। ਸਿੱਖਿਆ ਦੇ ਖੇਤਰ ਵਿੱਚ ਨਵੇਂ-ਨਵੇਂ ਵਿਸ਼ੇ ਵਿਕਸਿਤ ਹੋ ਰਹੇ ਹਨ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਿੱਖਿਆ ਦੇ ਵੱਖ-ਵੱਖ ਖੇਤਰ ਆਪਸ ਵਿੱਚ ਸੰਬੰਧਿਤ ਹਨ।

## 1.1.8 ਸਿੱਖਿਆ ਦੇ ਕਾਰਜ

ਗੁਰੂ ਨਾਨਕ ਨੇ ਜੋ ਗੋਸ਼ਟੀ ਸਿੱਧ ਜੋਗੀਆਂ ਨਾਲ ਕੀਤੀ, ਉਸ ਵਿਚ ਉਨ੍ਹਾਂ ਨੇ ਸਿੱਖਿਅਤ ਕੀਤਾ ਸੀ ਕਿ ਕੇਵਲ ਅਧਿਆਤਮਕ ਪੱਖ ਦਾ ਵਿਕਾਸ ਹੀ ਹਰ ਪ੍ਰਕਾਰ ਦਾ ਮਨੁੱਖੀ ਜੀਵਨ ਦਾ ਵਿਕਾਸ ਨਹੀਂ ਹੁੰਦਾ। ਵਿਅਕਤੀ ਦਾ ਸਰਵ ਪੱਖੀ ਵਿਕਾਸ ਹੋਣਾ ਚਾਹੀਦਾ ਹੈ ਜਿਸ ਵਿਚ ਉਸ ਦਾ ਸਰੀਰ ਵੀ ਵਿਕਸਤ ਹੋਵੇ, ਉਸ ਦੀ ਬੁੱਧੀ ਵੀ ਵਿਕਸਤ ਹੋਵੇ, ਉਸ ਦੀਆਂ ਭਾਵਨਾਵਾਂ ਵੀ ਵਿਕਸਤ ਹੋਣ ਤੇ ਉਸ ਦਾ ਸਮੁੱਚਾ ਆਚਰਨ ਵੀ ਵਿਕਸਤ ਹੋਵੇ।

ਇਸ ਪ੍ਰਕਾਰ ਹੀ ਉਨ੍ਹਾਂ ਨੇ ਸਿੱਧਾਂ ਤੇ ਗੁਰੂਆਂ ਨੂੰ ਇਹ ਗੱਲ ਵੀ ਸਪੱਸ਼ਟ ਕੀਤੀ ਕਿ ਉਨ੍ਹਾਂ ਨੇ ਕੇਵਲ ਆਪਣਾ ਹੀ ਵਿਕਾਸ ਨਹੀਂ ਕਰਨਾ ਹੁੰਦਾ। ਉਸ ਦੀਆਂ ਸਮਾਜ ਪ੍ਰਤੀ ਵੀ ਕਈ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ।

ਜਿਸ ਸਮਾਜ ਨੇ ਉਨ੍ਹਾਂ ਨੂੰ ਜਨਮ ਦਿੱਤਾ ਹੁੰਦਾ ਹੈ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਹੁੰਦਾ ਹੈ ਅਤੇ ਉਨ੍ਹਾਂ ਉੱਪਰ ਏਨੇ ਅਹਿਸਾਨ ਕੀਤੇ ਹੁੰਦੇ ਹਨ, ਉਸ ਪ੍ਰਤੀ ਉਨ੍ਹਾਂ ਦੀਆਂ ਵੀ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਨ੍ਹਾਂ ਨੇ ਇੱਕ ਵਧੀਆ ਨਾਗਰਿਕ ਬਣਨਾ ਹੁੰਦਾ ਹੈ। ਉੱਚਤਮ ਗਿਆਨ ਪ੍ਰਾਪਤ ਕਰਨਾ ਹੁੰਦਾ ਹੈ ਤੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ ਤੇ ਗਰੀਬਾਂ ਮਜ਼ਲੂਮਾਂ ਦੀ ਸੇਵਾ ਕਰਨੀ ਹੁੰਦੀ ਹੈ। ਇਸਤ੍ਰੀਆਂ ਦਾ ਸਤਿਕਾਰ ਕਰਨਾ ਹੁੰਦਾ ਹੈ ਤੇ ਸਮਾਜ ਦੀ ਉਸਾਰੀ ਵਿਚ ਆਪਣਾ ਭਾਗ ਪਾਉਣਾ ਹੁੰਦਾ ਹੈ।

ਮੂਲ ਰੂਪ ਵਿਚ ਗੁਰੂ ਨਾਨਕ ਨੇ ਉਨ੍ਹਾਂ ਦੇ ਸੰਕਲਪ ਸਪੱਸ਼ਟ ਕੀਤੇ ਸੀ ਕਿ ਮਨੁੱਖ ਦੇ ਵਿਕਾਸ ਵਿਚ ਸਿੱਖਿਆ ਦਾ ਕੀ ਭਾਗ ਹੁੰਦਾ ਹੈ ਤੇ ਸਮਾਜਿਕ ਉਸਾਰੀ ਵਿਚ ਉਨ੍ਹਾਂ ਦਾ ਕੀ ਭਾਗ ਹੋਣਾ ਚਾਹੀਦਾ ਹੈ।

ਇੰਨ ਬਿੰਨ ਇਸੇ ਪ੍ਰਕਾਰ ਹੀ ਅਸੀਂ ਗੁਰੂ ਨਾਨਕ ਦੀਆਂ ਪਾਈਆਂ ਹੋਈਆਂ ਲੀਹਾਂ ਅਨੁਸਾਰ ਹੀ ਸਿੱਖਿਆ ਦੇ ਮਨੁੱਖੀ ਜੀਵਨ ਵਿਚ ਤੇ ਕੌਮੀ ਜੀਵਨ ਵਿਚ ਵਿਕਾਸ ਨੂੰ ਅੱਜ ਦੇ ਸਮੇਂ ਵਿਚ ਸਮਝਣ ਦਾ ਯਤਨ ਕਰਾਂਗੇ। ਇਹ ਗੱਲ ਤਾਂ ਸਪੱਸ਼ਟ ਹੀ ਹੈ ਕਿ ਸਿੱਖਿਆ ਦੇ ਦੋ ਮੂਲ ਪੱਖ ਹੁੰਦੇ ਹਨ ਜਿਵੇਂ ਕਿ :-

1. ਮਨੁੱਖੀ ਜੀਵਨ ਵਿਚ ਸਿੱਖਿਆ ਦੇ ਕਾਰਜ
2. ਕੌਮੀ ਜੀਵਨ ਵਿਚ ਸਿੱਖਿਆ ਦੇ ਕਾਰਜ

### 1.1.8.1 ਮਨੁੱਖੀ ਜੀਵਨ ਵਿੱਚ ਸਿੱਖਿਆ ਦੇ ਕਾਰਜ

ਸਿੱਖਿਆ ਮਾਨਵੀਂਕਰਨ ਦੀ ਪ੍ਰਕ੍ਰਿਆ ਹੈ। ਮਨੁੱਖੀ ਜੀਵਨ ਵਿੱਚ ਸਿੱਖਿਆ ਦਾ ਬੜਾ ਉੱਚਾ ਯੋਗਦਾਨ ਹੁੰਦਾ ਹੈ। ਜੇ ਅਸੀਂ ਇਹ ਕਹਿ ਲਈਏ ਕਿ ਸਿੱਖਿਆ ਦੁਆਰਾ ਵਿਕਸਤ ਹੋਈ ਬੁੱਧੀ ਦੇ ਕਾਰਨ ਹੀ ਮਨੁੱਖ ਜਾਨਵਰਾਂ ਤੋਂ ਵੱਖਰਾ ਹੋਇਆ ਹੈ ਤੇ ਉਨ੍ਹਾਂ ਉੱਪਰ ਰਾਜ ਵੀ ਕਰਦਾ ਹੈ। ਇਸ ਤਰ੍ਹਾਂ ਸਿੱਖਿਆ ਮਾਨਵ ਨਿਰਮਾਣ ਦੀ ਕ੍ਰਿਆ ਵਜੋਂ ਸਾਹਮਣੇ ਆਉਂਦੀ ਹੈ, ਜੋ ਜੈਵਿਕ ਮਨੁੱਖ ਨੂੰ ਲੋੜੀਂਦੇ ਸਮਾਜਿਕ, ਨੈਤਿਕ ਅਤੇ ਅਧਿਆਤਮਕ ਗੁਣਾਂ ਦੇ ਸੰਚਾਰ ਰਾਹੀਂ ਸਮਾਜਿਕ ਮਨੁੱਖ "ਚ ਤਬਦੀਲੀ ਕਰਨ ਦਾ ਕਾਰਜ ਕਰਦੀ ਹੈ।

ਜਾਨ ਡਿਊਈ ਦੇ ਸ਼ਬਦਾਂ ਵਿੱਚ, "ਸਿੱਖਿਆ ਦਾ ਕਾਰਜ ਇਕ ਬੇਸਹਾਰਾ ਜੀਵ ਨੂੰ ਇੱਕ ਨੈਤਿਕ, ਸੁਯੋਗ ਅਤੇ ਸੰਤੁਸ਼ਟ ਮਨੁੱਖ ਵਜੋਂ ਵਿਕਸਤ ਹੋਣ ਵਿੱਚ ਮਦਦ ਕਰਨਾ ਹੈ।"

ਸਿੱਖਿਆ ਦੀ ਮਹੱਤਵਪੂਰਨ ਭੂਮਿਕਾ ਨੂੰ ਹੇਠ ਲਿਖੇ ਅਨੁਸਾਰ ਬਿਆਨਿਆ ਜਾ ਸਕਦਾ ਹੈ :

**1. ਵਿਅਕਤਿਤਵ ਦਾ ਵਿਕਾਸ ਕਰਨਾ :** ਮਨੁੱਖੀ ਸ਼ਖਸੀਅਤ ਦਾ ਵਿਕਾਸ ਕਰਨਾ ਸਿੱਖਿਆ ਦਾ ਬੁਨਿਆਦੀ ਕਾਰਜ ਮੰਨਿਆ ਜਾਂਦਾ ਹੈ। ਹਰੇਕ ਵਿਅਕਤੀ ਵਿੱਚ ਕੁਝ ਅੰਤਰੀਵੀਂ ਗੁਣ, ਯੋਗਤਾਵਾਂ ਅਤੇ ਪ੍ਰਵਿਰਤੀਆਂ ਮੌਜੂਦ ਹੁੰਦੀਆਂ ਹਨ। ਸ਼ਖ਼ਸੀਅਤ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਇਨ੍ਹਾਂ ਜਮਾਂਦਰੂ ਗੁਣਾਂ ਨੂੰ ਵਿਕਸਿਤ ਕੀਤਾ ਜਾਵੇ। ਸਿੱਖਿਆ ਇਨ੍ਹਾਂ ਅੰਤਰੀਵੀ ਗੁਣਾਂ ਦੇ ਵਿਕਾਸ ਲਈ ਸੁਖਾਵੇਂ ਹਾਲਾਤ ਪ੍ਰਦਾਨ ਕਰਦੀ ਹੈ ਤਾਂ ਜੋ ਵਿਅਕਤੀ ਦੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਸੰਭਵ ਹੋ ਸਕੇ।

ਇਸ ਤੋਂ ਇਲਾਵਾ ਸਿੱਖਿਆ ਮਨੁੱਖੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਸਰੀਰਿਕ, ਮਾਨਸਿਕ, ਨੈਤਿਕ, ਭਾਵੁਕ, ਸੁਹਜਾਤਮਕ ਅਤੇ ਸਮਾਜ ਦੇ ਇਕਸੁਰ ਵਿਕਾਸ ਰਾਹੀਂ ਇੱਕ ਸੰਤੁਲਿਤ ਸ਼ਖ਼ਸੀਅਤ ਦੀ ਉਸਾਰੀ ਦਾ ਕਾਰਜ ਕਰਦੀ ਹੈ। ਵਿਅਕਤੀਤਵ ਦੇ ਵਿਕਾਸ ਲਈ ਸਿੱਖਿਆ ਨੇ ਅਜਿਹਾ ਵਾਤਾਵਰਨ ਪੈਦਾ ਕਰਨਾ ਹੁੰਦਾ ਹੈ। ਉਸਦਾ ਸਰਵ ਪੱਖੀ ਵਿਕਾਸ ਕਰਨ ਲਈ ਸਿੱਖਿਆ ਨੇ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ।

**2. ਮਾਨਵੀ ਵਿਵਹਾਰ ਨੂੰ ਸੁਧਾਰਨਾ :** ਮਨੁੱਖੀ ਵਿਵਹਾਰ ਦੀਆਂ ਜਨਮ ਸਮੇਂ ਬਹੁਤ ਸਾਰੀਆਂ ਭਾਵਨਾਵਾਂ ਵਿਅਕਤੀਗਤ ਭਾਂਤ ਦੀਆਂ ਹੁੰਦੀਆਂ ਹਨ। ਇਨ੍ਹਾਂ ਭਾਵਨਾਵਾਂ ਨੂੰ ਸੇਧ ਦੇ ਕੇ ਉਨ੍ਹਾਂ ਨੂੰ ਯੋਗ ਚਾਲਾਂ ਵਿਚ ਚਲਾਉਣਾ ਹੁੰਦਾ ਹੈ ਤਾਂ ਜੋ ਉਹ ਸਮਾਜਿਕ ਕੀਮਤਾਂ ਅੰਦਰ ਬੈਠਣਾ ਸਿੱਖੇ। ਸਿੱਖਿਆ ਇਹ ਭਾਈਵਾਲੀ ਬਹੁਤ ਭਲੀ ਭਾਂਤੀ ਵਿਕਸਤ ਕਰਕੇ, ਇਨਸਾਨ ਨੂੰ ਸਮਾਜਿਕ, ਬੌਧਿਕ, ਸਭਿਆਚਾਰਕ ਤੇ ਨੈਤਿਕ ਕੀਮਤਾਂ ਦੇ ਦਾਇਰੇ ਵਿਚ ਰਹਿ ਕੇ ਉਨ੍ਹਾਂ ਦਾ ਸੁਧਾਰ ਕਰਕੇ ਉਨ੍ਹਾਂ ਦੇ ਵਿਹਾਰ ਵਿਚ ਤਬਦੀਲੀ ਲੈ ਆਉਂਦੀ ਹੈ।

3. **ਗਿਆਠ ਪ੍ਰਦਾਠ ਕਰਠਾ :** ਸਿੱਖਿਆ ਗਿਆਨ ਪ੍ਰਦਾਨ ਕਰਨ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ। ਇਸ ਲਈ ਸਿੱਖਿਆ ਦਾ ਇੱਕ ਪ੍ਰਮੁੱਖ ਕਾਰਜ ਵਿਅਕਤੀ ਦੇ ਗਿਆਨ ਭੰਡਾਰ "ਚ ਵਾਧਾ ਕਰਨਾ, ਉਸਨੂੰ ਆਪਣੇ ਆਲੇ-ਦੁਆਲੇ ਦੇ ਸੰਸਾਰ ਤੋਂ ਜਾਣੂ ਕਰਾਉਣਾ ਅਤੇ ਉਸਨੂੰ ਸਮਾਜਿਕ ਖੇਤਰ "ਚ ਸਫਲਤਾ ਪੂਰਵਕ ਕਾਰਜਸ਼ੀਲ ਹੋਣ ਦੇ ਯੋਗ ਬਣਾਉਣਾ ਹੈ।

4. **ਆਚਰਣ ਉਸਾਰੀ ਕਰਠਾ :** ਵਿਅਕਤੀ ਦੇ ਚਰਿੱਤਰ ਦਾ ਵਿਕਾਸ ਕਰਨਾ ਸਿੱਖਿਆ ਦੇ ਪ੍ਰਮੁੱਖ ਕਾਰਜਾਂ ਵਿਚੋਂ ਇੱਕ ਹੈ। ਇਕ ਅੰਦਾਜ਼ੇ ਮੁਤਾਬਕ ਦੁਨੀਆਂ ਵਿਚ ਗਿਆਨ ਦੇ ਭੰਡਾਰ ਵਿਚ ਇਕ ਪ੍ਰਕਾਰ ਦਾ ਤੂਫ਼ਾਨ ਹੀ ਆ ਗਿਆ ਹੈ। ਜਿਨ੍ਹਾਂ ਗਿਆਨ 1900 ਸਾਲਾਂ ਵਿਚ ਉਤਪੰਨ ਹੋਇਆ ਸੀ, ਉਸ ਤੋਂ ਵੱਧ ਗਿਆਨ ਸਿਰਫ਼ ਵੀਹਵੀਂ ਸਦੀ ਦੇ ਵਿਚ ਹੀ ਹੋਂਦ ਵਿਚ ਆ ਗਿਆ ਸੀ। ਹੁਣ ਆਸ ਇਹ ਕੀਤੀ ਜਾਂਦੀ ਹੈ ਕਿ ਹਰ ਦਸਾਂ ਸਾਲਾਂ ਵਿਚ ਗਿਆਨ ਵਿਚ ਬੇਮੁਹਾਰਾ ਵਾਧਾ ਹੋਇਆ ਕਰੇਗਾ। ਸਿਰਫ ਸਿੱਖਿਆ ਹੀ ਇਸ ਗਿਆਨ ਨੂੰ ਸੰਭਾਲ ਕੇ ਨਵੀਆਂ ਪੀੜ੍ਹੀਆਂ ਤੱਕ ਪਹੁੰਚਾ ਸਕਦੀ ਹੁੰਦੀ ਹੈ।

ਸ਼ੇਕਸਪੀਅਰ ਨੇ ਠੀਕ ਹੀ ਕਿਹਾ ਹੈ ਕਿ ਜੇ ਧੰਨ ਗਵਾਚ ਗਿਆ ਤਾਂ ਕੁਝ ਨਹੀਂ ਗਵਾਚਾ, ਜੇ ਸਿਹਤ ਖ਼ਰਾਬ ਹੋ ਗਈ ਤਾਂ ਕੁਝ ਨੁਕਸਾਨ ਹੋ ਗਿਆ ਤੇ ਜੇ ਆਚਰਨ ਗਵਾਚ ਗਿਆ ਤਾਂ ਸਭ ਕੁੱਝ ਗਵਾਚ ਗਿਆ। ਸਹੀ ਸਿੱਖਿਆ ਵਿਅਕਤੀ ਵਿੱਚ ਇਮਾਨਦਾਰੀ, ਵਫ਼ਾਦਾਰੀ, ਦਿਆਲੁਤਾ, ਹਮਦਰਦੀ, ਸਹਿਨਸ਼ੀਲਤਾ, ਨਿਸਵਾਰਥ ਦੀ ਭਾਵਨਾ, ਸੱਚਾਈ, ਹੌਸਲਾ, ਨਿਆਂ,ਸਵੈ ਕੰਟਰੋਲ, ਸੇਵਾ ਆਦਿ ਨੈਤਿਕ ਗੁਣਾਂ ਦੇ ਵਿਕਾਸ ਰਾਹੀਂ ਉਸਦੇ ਚੰਗੇ ਚਰਿੱਤਰ ਨਿਰਮਾਣ ਵਿੱਚ ਭੂਮਿਕਾ ਨਿਭਾਉਂਦੀ ਹੈ। ਅਸਲ ਵਿੱਚ ਇਨ੍ਹਾਂ ਨੈਤਿਕ ਗੁਣਾਂ ਦੇ ਵਿਕਾਸ ਰਾਹੀਂ ਸਿੱਖਿਆ ਵਿਅਕਤੀ ਦੇ ਮਾਨਵੀਕਰਨ ਵਿੱਚ ਯੋਗਦਾਨ ਪਾਉਂਦੀ ਹੈ। ਉਹ ਮਾਨਵੀ ਸਾਰਤੱਤ ਨਾਲ ਸਮਾਜ ਵਿੱਚ ਕਾਰਜਸ਼ੀਲ ਹੋਣ ਦੇ ਯੋਗ ਬਣਦਾ ਹੈ। ਯੂ.ਕੇ. ਇੱਕ ਬਹੁਤ ਹੀ ਛੋਟਾ ਜਿਹਾ ਦੇਸ਼ ਹੈ। ਉਥੇ ਨਾ ਤਾਂ ਖਣਿਜ ਪਦਾਰਥਾਂ ਦੇ ਜ਼ਖ਼ੀਰੇ ਹਨ ਤੇ ਨਾ ਹੀ ਜ਼ਰਾਇਤ ਬਹੁਤ ਉਨੱਤ ਹੈ। ਉਨ੍ਹਾਂ ਨੇ ਆਪਣੀ ਸਿੱਖਿਆ ਪ੍ਰਣਾਲੀ ਨੂੰ ਏਨਾ ਪੱਕਾ ਕੀਤਾ ਹੈ ਕਿ ਸਕੂਲ-ਕਾਲਜ ਵਿਚ ਹੀ ਉਨ੍ਹਾਂ ਨੇ ਕਿੱਤਾਕਾਰੀ ਸੁਹਿਦਰਤਾ ਉਨ੍ਹਾਂ ਵਿਅਕਤੀਆਂ ਦਾ ਆਚਰਨ ਪੂਰਨ ਭਾਂਤ ਏਨਾ ਉੱਚਾ ਚਲਾ ਜਾਂਦਾ ਹੈ ਕਿ ਆਪਣੀ ਯੋਗ ਮਾਨਵ ਸ਼ਕਤੀ ਦੇ ਕਾਰਨ, ਉਨ੍ਹਾਂ ਨੇ ਆਪਣਾ ਰੁਤਬਾ ਦੁਨੀਆਂ ਦੇ ਪੰਜ ਵਿਕਸਤ ਦੇਸ਼ਾਂ ਵਿੱਚ ਬਣਾਇਆ ਹੋਇਆ ਹੈ।

5. **ਕਿੱਤਾਕਾਰੀ ਸੁਹਿਦਰਤਾ :** ਸਿੱਖਿਆ ਆਧੁਨਿਕ ਉਤਪਾਦਨ ਪ੍ਰਣਾਲੀ "ਚ ਇੱਕ ਮਹੱਤਵਪੂਰਨ ਨਿਵੇਸ਼ ਹੈ। ਸਿੱਖਿਆ, ਵਿਅਕਤੀ ਨੂੰ ਵੱਖ-ਵੱਖ ਕਿੱਤਿਆਂ ਦਾ ਗਿਆਨ ਦੇਣ, ਉਨ੍ਹਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਅਤੇ ਉਸ ਚੁਣੇ ਹੋਏ ਕਿੱਤੇ ਲਈ ਲੋੜੀਂਦੀ ਸੁਯੋਗਤਾ ਪ੍ਰਦਾਨ ਕਰਨ ਦਾ ਕਾਰਜ ਕਰਦੀ ਹੈ। ਇਸ ਤਰ੍ਹਾਂ ਸਿੱਖਿਆ ਵਿਅਕਤੀ ਨੂੰ ਸਿੱਖਿਆ ਪ੍ਰਾਪਤੀ ਪਿੱਛੋਂ ਯੋਗ ਕਿੱਤਾ ਅਪਣਾਉਣ ਵਿੱਚ ਮਦਦ ਕਰਦੀ ਹੈ। ਸੂਚਨਾ ਤਕਨਾਲੋਜੀ ਦੇ ਖੇਤਰ "ਚ ਆਈ ਕ੍ਰਾਂਤੀ ਦੇ ਸਿੱਟੇ ਵਜੋਂ ਸਿੱਖਿਆ ਦੇ ਕਿੱਤਈ ਪੱਖੋਂ ਸੁਯੋਗ ਮਨੁੱਖੀ ਸ਼ਕਤੀ ਵਿਕਸਿਤ ਕਰਨ ਦੇ ਕਾਰਜ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇੰਝ ਵਿਅਕਤੀ ਨੂੰ ਉਤਪਾਦਨ ਪ੍ਰਕ੍ਰਿਆ ਵਿੱਚ ਢੁੱਕਵੀਂ ਹਿੱਸੇਦਾਰੀ ਰਾਹੀਂ ਸਵੈਨਿਰਭਰ ਜ਼ਿੰਦਗੀ ਜਿਉਣ ਦੇ ਯੋਗ ਬਣਾਉਣਾ ਸਿੱਖਿਆ ਦਾ ਇੱਕ ਮਹੱਤਵਪੂਰਨ ਕਾਰਜ ਬਣ ਜਾਂਦਾ ਹੈ।

ਆਧੁਨਿਕੀਕਰਨ ਤੇ ਤਕਨੀਕੀ ਪ੍ਰੀਵਰਤਨ ਦੇ ਕਾਰਨ ਹੁਣ ਬਹੁਤ ਸਾਰੇ ਨਵੇਂ ਕਿੱਤੇ ਹੋਂਦ ਵਿੱਚ ਆ ਰਹੇ ਹਨ। ਕਈ ਕਿੱਤੇ ਤਾਂ ਏਨੇ ਨਵੇਂ ਹਨ ਕਿ ਅਸੀਂ ਪਹਿਲਾਂ ਉਨ੍ਹਾਂ ਦਾ ਨਾਮ ਵੀ ਨਹੀਂ ਸੀ ਸੁਣਿਆ। ਇਹ ਸਾਰੇ ਕਿੱਤੇ ਬਹੁਤ ਉੱਚੀ ਯੋਗਤਾ, ਸਿਖਲਾਈ ਤੇ ਪੜ੍ਹਾਈ ਨਾਲ ਜੁੜੇ ਹੋਏ ਹੁੰਦੇ ਹਨ। ਇਨ੍ਹਾਂ ਲਈ ਤਿਆਰੀ ਕਰਨ ਲਈ ਵੱਖ-ਵੱਖ ਭਾਂਤ ਦੀਆਂ ਸੰਸਥਾਵਾਂ ਹੋਂਦ ਵਿਚ ਆ ਰਹੀਆਂ ਹਨ। ਇਸ ਪ੍ਰਕਾਰ ਸਿੱਖਿਆ ਵਿਅਕਤੀਆਂ ਨੂੰ ਯੋਗ ਕਿੱਤੇ ਲਈ ਤਿਆਰ ਕਰਦੀ ਹੈ।

6. **ਸਮਾਜਿਕ ਸਮਾਯੋਜਨ ਯਕੀਨੀ ਬਣਾਉਣਾ :** ਜਾਨ ਡਿਊਈ ਅਨੁਸਾਰ ,"ਸਿੱਖਿਆ ਵਿਅਕਤੀ ਦੀਆਂ ਉਨ੍ਹਾਂ ਸਾਰੀਆਂ ਸਮਰੱਥਾਵਾਂ ਦੇ ਵਿਕਾਸ ਦੀ ਪ੍ਰਕ੍ਰਿਆ ਹੈ, ਜੋ ਉਸਨੂੰ ਆਪਣੀਆਂ ਸੰਭਾਵਨਾਵਾਂ ਉਜਾਗਰ ਕਰਨ ਅਤੇ ਆਪਣੇ ਸਮਾਜਿਕ ਵਾਤਾਵਰਣ ਨੂੰ ਨਿਯੰਤ੍ਰਿਤ ਕਰਨ ਦੇ ਯੋਗ ਬਣਾਉਂਦੀ ਹੈ।" ਇੰਝ ਸਿੱਖਿਆ ਦਾ ਇੱਕ ਅਹਿਮ ਕਾਰਜ ਵਿਅਕਤੀ ਨੂੰ ਸਮਾਜਿਕ ਵਾਤਾਵਰਣ ਨੂੰ ਕਾਬੂ ਕਰਨ ਦੇ ਯੋਗ ਬਣਾ ਕੇ ਉਸਦਾ ਉਸ ਸਮਾਜਿਕ ਵਾਤਾਵਰਣ

ਨਾਲ ਸਮਾਯੋਜਨ ਯਕੀਨੀ ਬਣਾਉਣਾ ਹੈ, ਜੋ ਉਸਦੀ ਹੋਂਦ ਲਈ ਸੰਘਰਸ਼ ਦੀ ਸਥਿਤੀ ਪੈਦਾ ਕਰਦਾ ਹੈ। ਇਸ ਕਾਰਜ ਨੂੰ ਨਿਭਾਉਣ ਲਈ ਸਿੱਖਿਆ, ਵਿਅਕਤੀ ਦੀਆਂ ਯੋਗਤਾਵਾਂ ਨੂੰ ਵਿਕਸਿਤ ਕਰਨ ਲਈ ਮੌਕੇ ਪ੍ਰਦਾਨ ਕਰਦੀ ਹੈ ਤਾਂ ਜੋ ਉਹ ਸਮਾਜ ਵਿੱਚ ਇੱਕ ਲੋੜੀਂਦੇ ਮੈਂਬਰ ਵਜੋਂ ਆਪਣੀ ਥਾਂ ਬਣਾਉਣ ਅਤੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦੇ ਯੋਗ ਹੋ ਸਕੇ।

ਬੈਸਿੰਗ ਦੇ ਸ਼ਬਦਾਂ "ਚ "ਸਿੱਖਿਆ ਦਾ ਇੱਕ ਕਾਰਜ ਵਿਅਕਤੀ ਦਾ ਵਾਤਾਵਰਣ ਨਾਲ ਸਮਾਯੋਜਨ ਪੈਦਾ ਕਰਨਾ ਹੈ ਤਾਂ ਜੋ ਵਿਅਕਤੀ ਅਤੇ ਸਮਾਜ ਦੋਹਾਂ ਲਈ ਸਦੀਵੀਂ ਸੰਤੁਸ਼ਟੀ ਦੀ ਸਥਿਤੀ ਪੈਦਾ ਕੀਤੀ ਜਾ ਸਕੇ।"

**7. ਆਧੁਨਿਕ ਚੇਤਨਾ ਦਾ ਸੰਚਾਰ ਕਰਨਾ :** ਆਧੁਨਿਕ ਸਿੱਖਿਆ ਦਾ ਵਿਕਾਸ ਅਤੇ ਵਿਗਿਆਨਿਕ, ਤਰਕਸ਼ੀਲ ਅਤੇ ਧਰਮ ਨਿਰਪੱਖ ਨਜ਼ਰੀਏ ਦਾ ਵਿਕਾਸ ਨਾਲੋਂ ਨਾਲ ਹੀ ਹੋਇਆ ਹੈ।ਆਧੁਨਿਕ ਚੇਤਨਾ ਦੇ ਇਹ ਪੱਖ ਆਧੁਨਿਕ ਮਨੁੱਖ ਦੇ ਪਛਾਣ ਚਿੰਨ੍ਹ ਹਨ। ਇਸ ਲਈ ਸਿੱਖਿਆ ਦਾ ਇੱਕ ਕਾਰਜ ਵਿਅਕਤੀਆਂ 'ਚ ਆਧੁਨਿਕ ਚੇਤਨਾ ਦਾ ਸੰਚਾਰ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਗੈਰ ਵਿਗਿਆਨਿਕ, ਤਰਕਹੀਣ ਅਤੇ ਧਰਮ ਆਧਾਰਿਤ ਚੇਤਨਾ ਤੋਂ ਮੁਕਤ ਕੀਤਾ ਜਾ ਸਕੇ। ਇੰਞ ਸਿੱਖਿਆ ਸਮੁੱਚੇ ਸਮਾਜ ਨੂੰ ਹੀ ਆਧੁਨਿਕ ਲੀਹਾਂ ਤੇ ਵਿਕਸਿਤ ਕਰਨ ਦਾ ਯਤਨ ਕਰਦੀ ਹੈ।

**8. ਤਜ਼ਰਬਿਆਂ ਦੀ ਮੁੜ ਵਿਉਂਤਬੰਦੀ ਕਰਨਾ :** ਆਪਣੇ ਜੀਵਨ ਦੌਰਾਨ ਵਿਅਕਤੀ ਆਪਣੇ ਵਾਤਾਵਰਣ ਅਤੇ ਸਾਥੀ ਵਿਅਕਤੀਆਂ ਨਾਲ ਸੰਬੰਧਾਂ ਰਾਹੀਂ ਕਈ ਅਨੁਭਵ ਗ੍ਰਹਿਣ ਕਰਦਾ ਹੈ। ਉਹ ਉਨ੍ਹਾਂ ਅਨੁਭਵਾਂ ਨੂੰ ਸੰਭਾਲ ਕੇ ਰੱਖਦਾ ਹੈ ਜੋ ਉਸਦੀ ਬੇਹਤਰੀ ਅਤੇ ਉਨਤੀ ਲਈ ਢੁੱਕਵੇਂ ਹਨ। ਉਹ ਬਦਲਦੀਆਂ ਪ੍ਰਸਥਿਤੀਆਂ ਅਤੇ ਲੋੜਾਂ ਦੇ ਮੱਦੇ ਨਜ਼ਰ ਆਪਣੇ ਅਨੁਭਵਾਂ ਦਾ ਪੁਨਰ ਗਠਨ ਤੇ ਪੁਨਰ ਉਸਾਰੀ ਕਰਦਾ ਰਹਿੰਦਾ ਹੈ। ਇਸ ਸੰਬੰਧ 'ਚ ਸਿੱਖਿਆ ਦਾ ਕਾਰਜ ਵਿਅਕਤੀ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਲਗਾਤਾਰ ਆਪਣੇ ਅਨੁਭਵਾਂ ਦੀ ਪੁਨਰ ਉਸਾਰੀ ਅਤੇ ਪੁਨਰ ਗਠਨ ਕਰ ਸਕੇ ਅਤੇ ਆਪਣੇ ਆਪ ਨੂੰ ਉਚੇਰੇ ਤੋਂ ਉਚੇਰੇ ਪੱਧਰ ਤੱਕ ਵਿਕਸਿਤ ਕਰ ਸਕੇ।

**9. ਅਮਲੀ ਜੀਵਨ ਬਤੀਤ ਕਰਨਾ :** ਜੀਵਨ ਸਿਧਾਂਤਕ ਵੀ ਹੁੰਦਾ ਹੈ ਤੇ ਅਮਲੀ ਭਾਂਤ ਦਾ ਵੀ ਹੁੰਦਾ ਹੈ। ਸਵਾਮੀ ਵਿਵੇਕਾਨੰਦ ਦਾ ਕਥਨ ਹੈ, "ਤੁਹਾਨੂੰ ਜੀਵਨ ਦੇ ਹਰ ਪੱਖ ਵਿੱਚ ਅਮਲੀ ਹੋਣਾ ਚਾਹੀਦਾ ਹੈ। ਦੇਸ਼ ਦਾ ਨਾਸ਼ ਸਿਧਾਂਤਾਂ ਦੀ ਪ੍ਰਣਾਲੀ ਨੇ ਕਰ ਦਿੱਤਾ ਹੈ। ਇਸ ਵਿੱਚ ਸ਼ੱਕ ਨਹੀਂ ਹੈ ਕਿ ਸਾਡੀ ਆਧੁਨਿਕ ਪ੍ਰਣਾਲੀ ਬਹੁਤ ਹੀ ਸਿਧਾਂਤਕ ਭਾਂਤ ਦੀ ਹੈ, ਇਸ ਨੂੰ ਹੋਰ ਪ੍ਰੈਕਟੀਕਲ ਬਣਾਉਣ ਦੀ ਲੋੜ ਹੈ।

### 1.1.8.2 ਕੌਮੀ ਜੀਵਨ ਵਿੱਚ ਸਿੱਖਿਆ ਦੇ ਕਾਰਜ :

ਅੱਜ ਜ਼ਮਾਨਾ ਦੁਨਿਆਵੀਂਕਰਨ ਦਾ ਹੈ। ਸਾਰੀ ਦੁਨੀਆਂ ਦੇ ਦੇਸ਼ ਵਿਕਾਸ ਦੀਆਂ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣੇ ਆਪਣੇ ਦੇਸ਼ ਨੂੰ ਦੂਸਰੇ ਵਿਕਸਤ ਦੇਸ਼ਾਂ ਦੇ ਬਰਾਬਰ ਖੜ੍ਹਾ ਕਰਨਾ ਚਾਹੁੰਦੇ ਹਨ। ਇਹ ਗੱਲ ਵੀ ਹੁਣ ਖੋਜ ਨੇ ਸਿੱਧ ਕਰ ਦਿੱਤੀ ਹੈ ਕਿ ਸਿੱਖਿਆ ਦੇ ਸਹਾਰੇ ਦੇ ਬਗ਼ੈਰ ਕੌਮੀ ਵਿਕਾਸ ਦੀ ਦੌੜ ਵਿੱਚ ਭਾਗ ਨਹੀਂ ਲਿਆ ਜਾ ਸਕਦਾ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਿੱਖਿਆ ਦੀਆਂ ਕੌਮੀ ਵਿਕਾਸ ਦੀਆਂ ਗਤੀਵਿਧੀਆਂ ਨੂੰ ਚੰਗੀ ਤਰ੍ਹਾਂ ਨਾਲ ਅਪਣਾਇਆ ਜਾਵੇ।

ਕੌਮੀ ਵਿਕਾਸ ਵਿੱਚ ਸਿੱਖਿਆ ਦੀ ਭੂਮਿਕਾ ਦਾ ਬਿਆਨ ਕਰਦਿਆਂ ਭਾਰਤੀ ਸਿੱਖਿਆ ਕਮਿਸ਼ਨ (1964-66) ਨੇ ਲਿਖਿਆ ,"ਸਿੱਖਿਆ ਦੀ ਕਾਇਆ ਕਲਪ ਕਰਨ, ਇਸਨੂੰ ਲੋਕਾਂ ਦੇ ਜੀਵਨ, ਲੋੜਾਂ ਅਤੇ ਇੱਛਾਵਾਂ ਨਾਲ ਜੋੜਨ ਅਤੇ ਇੰਞ ਇਸ ਨੂੰ ਕੌਮੀ ਟੀਚੇ ਹਾਸਲ ਕਰਨ ਲਈ ਲੋੜੀਂਦੇ ਸਮਾਜਿਕ, ਆਰਥਿਕ ਤੇ ਸਭਿਆਚਾਰਕ ਰੁਪਾਂਤਰਣ ਦਾ ਸਾਧਨ ਬਣਾਉਣ ਤੋਂ ਇਲਾਵਾ ਅੱਜ ਕੋਈ ਹੋਰ ਸੁਧਾਰ ਏਨਾ ਜ਼ਰੂਰੀ ਨਹੀਂ ਹੈ।"

ਇਸ ਤਰ੍ਹਾਂ ਕੌਮੀ ਪੱਧਰ ਤੇ ਸਿੱਖਿਆ ਨੂੰ ਲੋੜੀਂਦੀਆਂ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤਬਦੀਲੀਆ ਰਾਹੀਂ ਕੌਮੀ ਟੀਚਿਆਂ ਨੂੰ ਹਾਸਲ ਕਰਨ ਦੇ ਮਹੱਤਵਪੂਰਨ ਸਾਧਨ ਵਜੋਂ ਮਾਨਤਾ ਦਿੱਤੀ ਗਈ ਹੈ। ਕੌਮੀ ਜੀਵਨ "ਚ ਸਿੱਖਿਆ ਦੀ ਇਸ ਭੂਮਿਕਾ ਦਾ ਵਰਨਣ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ :

1. **ਸੱਭਿਆਚਾਰਕ ਵਿਰਸੇ ਦੀ ਸੰਭਾਲ :** ਸੱਭਿਆਚਾਰ ਇਨਸਾਨ ਦੀ ਸਦੀਆਂ ਦੀ ਘਾਲਣਾ ਨਾਲ ਉਪਜ ਹੁੰਦਾ ਹੈ। ਇਸ ਨੂੰ ਵਿਰਸੇ ਵਿੱਚ ਅਗਲੀ ਨਸਲ ਨੂੰ ਸੰਭਾਲਣਾ ਹੁੰਦਾ ਹੈ। ਇਹ ਕਾਰਜ਼ ਕੇਵਲ ਸਿੱਖਿਆ ਰਾਹੀਂ ਹੀ ਨੇਪਰੇ ਚੜ੍ਹਾਇਆ ਜਾ ਸਕਦਾ ਹੈ। ਇਸ ਸੱਭਿਆਚਾਰਕ ਵਿਰਸੇ 'ਚ ਮਨੁੱਖੀ ਪ੍ਰਾਪਤੀਆਂ, ਅਨੁਭਵ, ਰਵਾਇਤਾਂ ਅਤੇ ਕਦਰਾਂ ਕੀਮਤਾਂ ਸ਼ਾਮਲ ਹਨ। ਸਿੱਖਿਆ ਦਾ ਇੱਕ ਮਹੱਤਵਪੂਰਨ ਕਾਰਜ ਕਿਸੇ ਵੀ ਦੇਸ਼ ਵਿੱਚ ਸਭਿਆਚਾਰਕ ਵਿਰਸੇ ਦੀ ਸੰਭਾਲ ਕਰਨਾ ਹੁੰਦਾ ਹੈ।ਜੇਕਰ ਸਿੱਖਿਆ ਕਿਸੇ ਵਿਰਸੇ ਦੀ ਸੰਭਾਲ ਦਾ ਕਾਰਜ ਨਾ ਕਰੇ ਤਾਂ ਦੇਸ਼ ਦਾ ਕੋਈ ਸੱਭਿਆਚਾਰਕ ਵਿਰਸਾ ਹੋਂਦ ਵਿੱਚ ਹੀ ਨਾ ਆਵੇ। ਪੰਡਿਤ ਜਵਾਹਰ ਲਾਲ ਨਹਿਰੂ ਦੇ ਸ਼ਬਦਾਂ "ਚ "ਸਿੱਖਿਆ ਲਈ ਲਾਜ਼ਮੀ ਹੈ ਕਿ ਉਹ ਸਾਡੇ ਸਭਿਆਚਾਰਕ ਵਿਰਸੇ ਦੇ ਮਹੱਤਵਪੂਰਨ ਤੱਤਾਂ ਨੂੰ ਸੰਭਾਲਣ ਵਿੱਚ ਮਦਦ ਕਰੇ।"

ਸਿੱਖਿਆ ਨੇ ਮਨੁੱਖੀ ਅਨੁਭਵਾਂ, ਰਵਾਇਤਾਂ ਅਤੇ ਕਦਰਾਂ ਕੀਮਤਾਂ ਦੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ "ਚ ਸੰਚਾਰਨ ਰਾਹੀਂ ਸੱਭਿਆਚਾਰ ਦੀ ਨਿਰੰਤਰਤਾ ਨੂੰ ਬਣਾਈ ਰੱਖਣਾ ਹੈ। ਓਟਾਵੇ ਅਨੁਸਾਰ, "ਸਿੱਖਿਆ ਦੇ ਕਾਰਜਾਂ 'ਚੋਂ ਇੱਕ ਕਾਰਜ ਸਮਾਜ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਹਾਰ ਆਦਰਸ਼ਾਂ ਦਾ ਸਮਾਜ ਦੀ ਨਵੀਂ ਪੀੜ੍ਹੀ 'ਚ ਸੰਚਾਰ ਕਰਨਾ ਹੈ।"

ਜੇਕਰ ਹਰ ਪੀੜ੍ਹੀ ਨੂੰ ਉਹੋ ਕੁਝ ਸਿੱਖਣਾ ਪਵੇ ਜੋ ਉਸ ਤੋਂ ਪਹਿਲੀਆਂ ਪੀੜ੍ਹੀਆਂ ਨੇ ਸਿੱਖਿਆ ਹੈ ਤਾਂ ਕਿਸੇ ਵੀ ਤਰ੍ਹਾਂ ਦਾ ਬੌਧਿਕ ਜਾਂ ਸਮਾਜਿਕ ਵਿਕਾਸ ਸੰਭਵ ਨਹੀਂ ਹੋ ਸਕੇਗਾ ਅਤੇ ਸਮਾਜ ਦਾ ਅਜੋਕਾ ਰੂਪ, ਪੁਰਾਤਨ ਪੱਥਰ ਯੁੱਗ ਦੇ ਸਮਾਜ ਨਾਲੋਂ ਥੋੜ੍ਹਾ ਹੀ ਭਿੰਨ ਹੋਵੇਗਾ।

ਸੱਭਿਆਚਾਰ ਕਿਤੇ ਰੁਕਦਾ ਨਹੀਂ ਤੇ ਨਾ ਹੀ ਇਹ ਸਮੇਂ ਨੂੰ ਰੋਕ ਸਕਦਾ ਹੈ। ਇਹ ਦੋਵੇਂ ਹੀ ਨਿਰੰਤਰ ਚਲਦੇ ਰਹਿੰਦੇ ਹਨ। ਅੱਜ ਦੀਆਂ ਤਕਨੀਕੀ ਭਾਂਤ ਦੀਆਂ ਖੋਜ਼ਾਂ ਨੇ ਇਸ ਦੀ ਰਫ਼ਤਾਰ ਹੋਰ ਵੀ ਤੇਜ਼ ਕਰ ਦਿੱਤੀ ਹੈ। ਇਸ ਲਈ ਸਿੱਖਿਆ ਨੇ ਨਾ ਸਿਰਫ਼ ਸੱਭਿਆਚਾਰਕ ਵਿਰਸੇ ਨੂੰ ਸੰਭਾਲਣਾ ਹੁੰਦਾ ਹੈ,ਸਗੋਂ ਉਸ ਦੇ ਵਿਕਾਸ ਨੂੰ ਵੀ ਆਪਣੀ ਗਲਵੱਕੜੀ ਵਿਚ ਲੈ ਕੇ, ਇਸ ਨੂੰ ਹੋਰ ਵੀ ਭਲੀ ਭਾਂਤੀ ਵਿਕਸਤ ਕਰਕੇ ਅਗਲੀ ਪੀੜ੍ਹੀ ਨੂੰ ਸੌਂਪਣਾ ਹੁੰਦਾ ਹੈ।

2. **ਸੱਭਿਆਚਾਰਕ ਵਿਕਾਸ :** ਸਿੱਖਿਆ ਸਮਾਜਿਕ ਉਤਪਾਦਨ ਦੇ ਨਵੇਂ ਸਾਧਨਾਂ ਦੇ ਵਿਕਾਸ ਅਤੇ ਪ੍ਰਚਲਿਤ ਸਾਧਨਾਂ ਦੇ ਸੁਧਾਰ "ਚ ਯੋਗਦਾਨ ਪਾਉਂਦੀ ਹੈ। ਇਸ ਤੋਂ ਇਲਾਵਾ ਜਦੋਂ ਵਿਗਿਆਨਿਕ ਤਰੱਕੀ ਅਤੇ ਨਵੀਂ ਤਕਨਾਲੋਜੀ ਦੀ ਵਰਤੋਂ ਦੇ ਨਤੀਜੇ ਵਜੋਂ ਪਦਾਰਥਕ ਸੱਭਿਆਚਾਰ ਤੇਜ਼ੀ ਨਾਲ ਵਿਕਸਿਤ ਹੁੰਦਾ ਹੈ ਤਾਂ ਕਈ ਵਾਰ ਗੈਰ ਪਦਾਰਥਿਕ ਜਾਂ ਬੌਧਿਕ ਸੱਭਿਆਚਾਰ ਜਿਸ ਵਿੱਚ ਆਦਰਸ਼, ਕਦਰਾਂ ਕੀਮਤਾਂ ਅਤੇ ਵਿਚਾਰ ਸ਼ਾਮਲ ਹੁੰਦੇ ਹਨ ਪਿੱਛੇ ਰਹਿ ਜਾਂਦਾ ਹੈ।ਇਸ ਸੰਦਰਭ "ਚ ਸਿੱਖਿਆ ਸੱਭਿਆਚਾਰਕ ਵਿਕਾਸ ਦੇ ਪ੍ਰੋਗਰਾਮਾਂ ਰਾਹੀਂ ਭੌਤਿਕ ਅਤੇ ਬੌਧਿਕ ਸੱਭਿਆਚਾਰਕ ਦੇ ਵਿਕਾਸ ਵਿਚਲੇ ਇਸ ਪਾੜੇ ਨੂੰ ਖਤਮ ਕਰਨ ਲਈ ਯਤਨਸ਼ੀਲ ਹੁੰਦੀ ਹੈ।

3. **ਕੌਮੀ ਅਤੇ ਭਾਵੁਕ ਏਕਤਾ ਉਤਪੰਨ ਕਰਨਾ :** ਭਾਰਤ ਵਿੱਚ ਕਈ ਪ੍ਰਕਾਰ ਦੀਆਂ ਜਾਤਾਂ, ਧਰਮ, ਖੇਤਰ, ਭਾਸ਼ਾਵਾਂ ਅਤੇ ਸਮਾਜਿਕ ਆਰਥਿਕ ਸਥਿਤੀਆਂ ਆਧਾਰਿਤ ਭਿੰਨਤਾਵਾਂ ਮਿਲਦੀਆਂ ਹਨ। ਸਾਡੇ ਗਵਾਂਢੀ ਦੇਸ਼ ਸਾਡੀ ਉਨਤੀ ਤੋਂ ਸੜਦੇ ਹਨ ਤੇ ਫਿਰਕੂ, ਸੰਕੀਰਨ ਅਤੇ ਸੀਮਿਤ ਭਾਵਨਾਵਾਂ ਦਾ ਦੁਰਉਪਯੋਗ ਕਰਕੇ ਸਾਨੂੰ ਕਮਜ਼ੋਰ ਬਣਾਉਂਣਾ ਚਾਹੁੰਦੇ ਹਨ।ਇਹ ਸੰਕੀਰਨ ਭਾਵਨਾਵਾਂ ਨਫ਼ਰਤ, ਈਰਖਾ, ਦੁਸ਼ਮਣੀ ਅਤੇ ਵਿਰੋਧ ਦੇ ਰੂਪ "ਚ ਉਭਰ ਕੇ ਦੰਗਿਆਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ ਤੇ ਜਾਨ ਮਾਲ ਦੇ ਵੱਡੇ ਨੁਕਸਾਨ ਦਾ ਸਬੱਬ ਬਣਦੀਆਂ ਹਨ।

ਇਸ ਲਈ ਦੇਸ਼ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਭਿੰਨ-ਭਿੰਨ ਸਮੂਹਾਂ "ਚ ਏਕਤਾ ਦੀ ਭਾਵਨਾ ਦਾ ਸੰਚਾਰ ਹੋਵੇ ਅਤੇ ਵੱਖ-ਵੱਖ ਧਾਰਮਿਕ, ਜਾਤੀ ਅਤੇ ਭਾਸ਼ਾਈ ਸਮੂਹ ਇੱਕ ਸੂਤਰ "ਚ ਬੱਝ ਜਾਣ।ਅਜਿਹਾ ਕਰਨ ਲਈ ਸਿੱਖਿਆ ਨੇ ਆਪਣਾ ਯੋਗਦਾਨ ਪਾ ਕੇ ਵਿਦਿਆਰਥੀਆਂ ਵਿੱਚ ਅਨੇਕਤਾ ਵਿੱਚ ਏਕਤਾ ਲੱਭਣ ਲਈ ਤਿਆਰ ਕਰਨਾ ਹੁੰਦਾ ਹੈ।

ਇਸ ਸੰਦਰਭ "ਚ ਸਿੱਖਿਆ ਦਾ ਕਾਰਜ ਸਹਿਨਸ਼ੀਲਤਾ,ਭਰਾਤਰੀ ਭਾਵ, ਸਹਿਯੋਗ ਅਤੇ ਸਮਾਯੋਜਨ ਜਿਹੀਆਂ

ਭਾਵਨਾਵਾਂ ਦਾ ਸੰਚਾਰ ਕਰਨਾ ਹੈ। ਇਹ ਭਾਵਨਾਵਾਂ ਲੋਕਾਂ "ਚ ਭਾਵੁਕ ਏਕਤਾ ਪੈਦਾ ਕਰਨ 'ਚ ਸਹਾਈ ਹੋਣਗੀਆਂ ਅਤੇ ਕੌਮੀ ਏਕਤਾ ਅਤੇ ਇਕਸੁਰਤਾ ਦਾ ਰਾਹ ਪੱਧਰਾ ਕਰਨਗੀਆਂ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਕੌਮੀ ਏਕਤਾ ਨੂੰ ਇੱਟਾਂ ਤੇ ਗਾਰੇ ਨਾਲ ਨਹੀਂ ਉਸਾਰਿਆ ਜਾ ਸਕਦਾ। ਇਸ ਨੂੰ ਨਾ ਹੀ ਛੈਣੀ ਅਤੇ ਹਥੌੜੇ ਨਾਲ ਉਸਾਰਿਆ ਜਾ ਸਕਦਾ ਹੈ। ਇਹ ਤਾਂ ਸਹਿਜ ਸੁਭਾਅ ਵਿਅਕਤੀਆਂ ਦੇ ਦਿਲਾਂ ਅਤੇ ਦਿਮਾਗਾਂ 'ਚ ਪੈਦਾ ਹੁੰਦੀ ਹੈ। ਇਸ ਦਾ ਇੱਕੋ ਇੱਕ ਸਾਧਨ ਸਿੱਖਿਆ ਹੈ।"

4. **ਆਰਥਿਕ ਵਿਕਾਸ ਨੂੰ ਤੇਜ਼ ਕਰਨਾ :** ਹੁਣ ਖੋਜ਼ ਨੇ ਇਹ ਗੱਲ ਭਲੀ ਭਾਂਤੀ ਸਪੱਸ਼ਟ ਕਰ ਦਿੱਤੀ ਹੈ ਕਿ ਆਰਥਿਕ ਵਿਕਾਸ ਵਿਚ ਸਿੱਖਿਆ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਹੁਨਰਮੰਦ ਕਾਮੇ ਅਤੇ ਤਕਨੀਕੀ ਵਿਕਾਸ ਲਈ ਨਵੇਂ ਗਿਆਨ ਦੀ ਉਪਲੱਬਧੀ ਦਾ ਸਾਧਨ ਹੋਣ ਕਾਰਨ ਸਿੱਖਿਆ, ਆਰਥਿਕ ਵਿਕਾਸ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਂਦੀ ਹੈ। ਇਸ ਲਈ ਕਿਸੇ ਦੇਸ਼ ਦੇ ਵਿੱਦਿਅਕ ਵਿਕਾਸ ਦੇ ਪੱਧਰ ਨੂੰ ਉਸ ਦੀ ਖੁਸ਼ਹਾਲੀ ਅਤੇ ਵਿਕਾਸ ਦਾ ਸੂਚਕ ਮੰਨਿਆ ਜਾਂਦਾ ਹੈ।

ਭਾਰਤ "ਚ ਕੁਝ ਕੁਦਰਤੀ ਸੋਮਿਆਂ ਦੇ ਅਸੀਮ ਭੰਡਾਰ ਹਨ, ਪਰੰਤੂ ਮਾਨਵੀ ਸੋਮੇ ਦੇ ਵਿਕਾਸ ਦੀ ਘਾਟ ਕਾਰਨ ਇਹ ਸੋਮੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋ ਸਕੇ। ਇਸ ਲਈ ਇਹਨਾਂ ਦੇਸ਼ਾਂ ਦੀ ਆਰਥਿਕ ਉਨਤੀ ਲਈ ਜ਼ਰੂਰੀ ਹੈ ਕਿ ਇਹ ਦੇਸ਼ ਆਪਣੀ ਉਤਪਾਦਕ ਯੋਗਤਾ ਨੂੰ ਵਧਾਉਣ। ਇਸੇ ਸੰਦਰਭ "ਚ ਸਿੱਖਿਆ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਸਿੱਖਿਆ ਆਰਥਿਕ ਉਤਪਾਦਨ ਦੇ ਵੱਖ-ਵੱਖ ਖੇਤਰਾਂ ਲਈ ਲੋੜੀਂਦੇ ਸਿਖਲਾਈ ਯਾਫਤਾ ਅਤੇ ਹੁਨਰਮੰਦ ਕਾਮੇ ਪ੍ਰਦਾਨ ਕਰਦੀ ਹੈ। ਅਜਿਹਾ ਦੇਸ਼ ਦੇ ਵੱਧ ਤੋਂ ਵੱਧ ਲੋਕਾਂ ਨੂੰ ਕਿੱਤਈ ਅਤੇ ਤਕਨੀਕੀ ਸਿੱਖਿਆ ਉਪਲੱਬਧ ਕਰਵਾ ਕੇ ਸੰਭਵ ਹੁੰਦਾ ਹੈ। ਇਹ ਸਿਖਲਾਈ ਪ੍ਰਾਪਤ ਅਤੇ ਹੁਨਰਮੰਦ ਕਾਮੇ ਹੀ ਉਦਯੋਗਿਕ ਤਰੱਕੀ ਤੇ ਆਰਥਿਕ ਖੁਸ਼ਹਾਲੀ ਦੀ ਪ੍ਰਾਪਤੀ 'ਚ ਸਹਾਈ ਹੁੰਦੇ ਹਨ, ਜੋ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਦੀ ਹੈ।

ਥਿਓਡਾਰ ਡਬਲਿਓ ਸ਼ੁਲਜ਼ ਅਨੁਸਾਰ, "ਸਿੱਖਿਆ ਰਾਹੀਂ ਹੁਨਰ ਅਤੇ ਗਿਆਨ ਹਾਸਲ ਕਰਨ ਦੀ ਪ੍ਰਕ੍ਰਿਆ ਨੂੰ ਖਪਤ ਵਜੋਂ ਨਹੀਂ ਸਗੋਂ ਉਤਪਾਦਕ ਨਿਵੇਸ਼ ਵਜੋਂ ਵੇਖਣਾ ਬਣਦਾ ਹੈ। ਇਸ ਨਿਵੇਸ਼ ਰਾਹੀਂ ਲੋਕ ਆਪਣੇ ਲਈ ਉਪਲੱਬਧ ਮੌਕਿਆਂ ਨੂੰ ਵਧਾ ਸਕਦੇ ਹਨ। ਇਹ ਇਕ ਰਾਹ ਹੈ ਜਿਸ ਰਾਹੀਂ ਲੋਕ ਆਪਣੀ ਪ੍ਰਗਤੀ "ਚ ਵਾਧਾ ਕਰ ਸਕਦੇ ਹਨ।"

5. **ਚੰਗੇ ਨਾਗਰਿਕਾਂ ਦਾ ਨਿਰਮਾਣ ਕਰਨਾ :** ਦੁਨਿਆਵੀਕਰਨ ਦੀ ਨੀਤੀ ਦੇ ਅਧੀਨ ਇਹ ਵੀ ਵਿਚਾਰ ਕੀਤਾ ਜਾਂਦਾ ਹੈ ਕਿ ਪੂਰਨ ਭਾਂਤ ਤਕਨੀਕੀ ਵਿਕਸਿਤ ਵਿਅਕਤੀ ਭਾਰਤ ਲਈ ਉਹ ਹੀ ਕੰਮ ਕਰਨਗੇ ਜੋ ਕਿ ਡੌਲਰ ਕਮਾਉਣ ਲਈ ਤੇਲ ਦੇ ਖ਼ਜਾਨੇ ਵਾਲੇ ਦੇਸ਼ ਦੇ ਉਤਪਾਦਾਂ ਲਈ ਕਰ ਰਹੇ ਹਨ। ਅੱਜ ਵੀ ਐਨ.ਆਰ.ਆਈ. ਭਾਰਤ ਦੇ ਵਿਕਾਸ ਵਿਚ ਕਾਫ਼ੀ ਯੋਗਦਾਨ ਪਾ ਰਹੇ ਹਨ। ਮਾਨਵੀ ਵਿਕਾਸ ਦੇ ਸਾਧਨ ਜਿੱਥੇ ਵੀ ਹੋਣ ਉਹ ਦੇਸ਼ ਨੂੰ ਤਰੱਕੀ ਦੇ ਰਾਹ ਤੇ ਲੈ ਜਾਂਦੇ ਹਨ। ਇਹ ਸਭ ਸਿੱਖਿਆ ਦੇ ਚਮਤਕਾਰ ਹੀ ਹਨ।

ਸਿੱਖਿਆ ਵਿਅਕਤੀ 'ਚ ਲੋੜੀਂਦੇ ਵਿਚਾਰਾਂ, ਵਿਸ਼ਵਾਸਾਂ, ਆਦਤਾਂ ਅਤੇ ਵਿਹਾਰ ਦਾ ਸੰਚਾਰ ਕਰਨ ਦਾ ਯਤਨ ਕਰਦੀ ਹੈ ਤਾਂ ਜੋ ਉਹ ਸਮਾਜ ਦੇ ਇੱਕ ਉਪਯੋਗੀ ਮੈਂਬਰ ਵਜੋਂ ਇਸ ਦੀ ਤਰੱਕੀ "ਚ ਆਪਣਾ ਹਿੱਸਾ ਪਾ ਸਕੇ। ਇੱਕ ਲੋਕਤੰਤਰੀ ਰਾਜ ਆਪਣੇ ਨਾਗਰਿਕਾਂ 'ਚ ਅਨੁਸ਼ਾਸਨ, ਸਹਿਨਸ਼ੀਲਤਾ, ਸਹਿਯੋਗ, ਸਮਾਜਿਕ ਨਿਆਂ ਲਈ ਚੇਤੰਨਤਾ ਆਦਿ ਗੁਣਾਂ ਨੂੰ ਵਿਕਸਤ ਹੋਇਆ ਵੇਖਣਾ ਚਾਹੁੰਦਾ ਹੈ। ਸਿੱਖਿਆ ਇਹਨਾਂ ਗੁਣਾਂ ਨੂੰ ਵਿਕਸਿਤ ਕਰਨ ਲਈ ਸਭ ਤੋਂ ਢੁੱਕਵਾਂ ਸਾਧਨ ਹੈ। ਸੈਕੰਡਰੀ ਐਜੂਕੇਸ਼ਨ ਕਮਿਸ਼ਨ (1952-53) ਦੇ ਰਿਪੋਰਟ ਸਿੱਖਿਆ ਦੇ ਇਸ ਕਾਰਜ ਨੂੰ ਉਭਾਰਦੀ ਹੈ, "ਸਿੱਖਿਆ ਪ੍ਰਣਾਲੀ ਲਈ ਇਹ ਜ਼ਰੂਰੀ ਹੈ ਕਿ ਉਹ ਉਹਨਾਂ ਆਦਤਾਂ, ਮਨੋਬਿਰਤੀਆਂ ਅਤੇ ਚਰਿੱਤਰ ਦੀ ਪੱਖਾਂ ਨੂੰ ਵਿਕਸਿਤ ਕਰਨ "ਚ ਯੋਗਦਾਨ ਪਾਵੇ ਜੋ ਨਾਗਰਿਕਾਂ ਨੂੰ ਨਾਗਰਿਕਤਾ ਦੀਆਂ ਜ਼ਿੰਮੇਵਾਰੀਆਂ ਭਲੀਭਾਂਤ ਨਿਭਾਉਣ ਦੇ ਯੋਗ ਬਣਾਉਣ।"

6. **ਸਮਾਜਿਕ ਅਨੁਸ਼ਾਸਨ ਉਤਪੰਨ ਕਰਨਾ :** ਸਮਾਜ ਹਰ ਹੀਲੇ ਵਿਅਕਤੀਆਂ "ਚ ਆਪਣੇ ਮੂਲ ਵਿਧਾਨ ਦਾ ਸੰਚਾਰ ਕਰਨ ਦਾ ਯਤਨ ਕਰਦਾ ਹੈ। ਦੂਜੇ ਸ਼ਬਦਾਂ "ਚ ਸਮਾਜ ਆਪਣੇ ਮੈਂਬਰਾਂ ਤੇ ਇੱਕ ਸਮਾਜਿਕ ਅਨੁਸ਼ਾਸਨ

ਲਾਗੂ ਕਰਦਾ ਹੈ। ਸਿੱਖਿਆ ਉਹ ਸਾਧਨ ਹੈ ਜਿਸ ਰਾਹੀਂ ਇਹ ਸਮਾਜਿਕ ਅਨੁਸ਼ਾਸਨ ਨਵੀਂ ਪੀੜ੍ਹੀ ਤੇ ਲਾਗੂ ਕੀਤਾ ਜਾਂਦਾ ਹੈ ਅਤੇ ਇੰਞ ਗੈਰ ਸਮਾਜੀ ਅਤੇ ਸਮਾਜ ਵਿਰੋਧੀ ਵਿਹਾਰ ਨੂੰ ਵਿਗਸਣ ਤੋਂ ਰੋਕ ਕੇ ਸਮਾਜ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਿੱਖਿਆ ਮਨੁੱਖ ਨੂੰ ਸਮਾਜਿਕ ਦਾਇਰੇ ਦੇ ਅੰਤਰਗਤ ਅਤੇ ਨਿਸ਼ਚਿਤ ਸਮਾਜਿਕ ਪ੍ਰਤੀਮਾਨਾਂ ਦੇ ਅਨੁਸਾਰ ਹੀ ਵਿਚਰਨ ਲਈ ਤਿਆਰ ਕਰਦੀ ਹੈ। ਅਜਿਹਾ ਕਰਦਿਆਂ ਉਹ ਸਮਾਜਿਕ ਕੰਟਰੋਲ ਦੇ ਇੱਕ ਯੰਤਰ ਵਜੋਂ ਸਾਹਮਣੇ ਆਉਂਦੀ ਹੈ।

**7. ਸਮਾਜਿਕ ਪ੍ਰਿਵਰਤਨ ਉਤਪੰਨ ਕਰਨਾ :** ਸਿੱਖਿਆ ਅਤੇ ਸਮਾਜਿਕ ਤਬਦੀਲੀ "ਚ ਗੂੜ੍ਹਾ ਸੰਬੰਧ ਹੈ। ਸਿੱਖਿਆ ਸਮਾਜਿਕ ਤਬਦੀਲੀ ਲਈ ਆਧਾਰ ਤਿਆਰ ਕਰਦੀ ਹੈ। ਇਹੀ ਨਹੀਂ ਸਗੋਂ, ਸਿੱਖਿਆ ਸਮਾਜ ਲਈ ਲੋੜੀਂਦੀਆਂ ਤਬਦੀਲੀਆਂ ਦੀ ਨਿਸ਼ਾਨਦੇਈ ਵੀ ਕਰਦੀ ਹੈ ਅਤੇ ਇਹਨਾਂ ਤਬਦੀਲੀਆਂ ਲਈ ਯੋਗ ਰਾਹ ਵੀ ਨਿਸ਼ਚਿਤ ਕਰਦੀ ਹੈ। ਦੁਨਿਆਵੀਂਕਰਨ ਅਤੇ ਗੈਟਸ ਦੇ ਪ੍ਰਭਾਵ ਥੱਲੇ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਵਿਦਿਆਰਥੀਆਂ ਵਿੱਚ ਤਬਦੀਲੀ ਨੂੰ ਹਜ਼ਮ ਕਰਨ ਦੀ ਸ਼ਕਤੀ ਆਵੇ ਜੋ ਕਿ ਸਿੱਖਿਆ ਨੇ ਉਤਪੰਨ ਕਰਨੀ ਹੁਦੀ ਹੈ।

ਕਈ ਵਾਰ ਸਿੱਖਿਆ ਸਮਾਜਿਕ ਤਬਦੀਲੀ ਦੇ ਪਿੱਛੇ-ਪਿੱਛੇ ਚਲਦੀ ਹੈ। ਜਦੋਂ ਸਮਾਜ ਦੀਆਂ ਲੋੜਾਂ, ਤਕਨਾਲੋਜੀ ਅਤੇ ਕਦਰਾਂ ਕੀਮਤਾਂ 'ਚ ਤਬਦੀਲੀ ਵਾਪਰਦੀ ਹੈ ਤਾਂ ਸਿੱਖਿਆ ਇਹਨਾਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੀ ਹੈ। ਇਹ ਵਿਅਕਤੀ ਨੂੰ ਨਵੀਆਂ ਉ"ਭਰ ਰਹੀਆਂ ਸਮਾਜਿਕ ਲੋੜਾਂ ਦੇ ਮੱਦੇ ਨਜ਼ਰ ਸਮਾਜਿਕ ਸਮਾਯੋਜਨ ਲਈ ਲੋੜੀਂਦੇ ਮੌਕੇ ਅਤੇ ਅਨੁਭਵ ਪ੍ਰਦਾਨ ਕਰਦੀ ਹੈ। ਇੰਞ ਸਿੱਖਿਆ ਸਮਾਜਿਕ ਤਬਦੀਲੀਆਂ "ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

**8. ਸਮਾਜਿਕ ਸਮੱਸਿਆਵਾਂ ਪ੍ਰਤੀ ਚੇਤੰਨ ਕਰਨਾ :** ਸਮਾਜ 'ਚ ਕਈ ਅਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ ਜਿਹਨਾਂ ਦਾ ਮੂਲ ਕਾਰਨ ਲੋਕਾਂ ਦੀ ਅਗਿਆਨਤਾ ਹੈ। ਇਸ ਸੰਦਰਭ ਵਿੱਚ ਸਿੱਖਿਆ ਦਾ ਇੱਕ ਅਹਿਮ ਕਾਰਜ ਲੋਕਾਂ ਨੂੰ ਭਿੰਨ-ਭਿੰਨ ਸਮਾਜਿਕ ਸਮੱਸਿਆਵਾਂ ਤੋਂ ਜਾਣੂ ਕਰਵਾਉਣਾ ਅਤੇ ਨਾਲ ਹੀ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਲੋੜੀਂਦਾ ਗਿਆਨ ਪ੍ਰਦਾਨ ਕਰਨਾ ਬਣ ਜਾਂਦਾ ਹੈ। ਉਦਾਹਰਣ ਵਜੋਂ ਹਰ ਇਸਤਰੀ ਨੂੰ ਸਿੱਖਿਆ ਦੀ ਹੁਣ ਉ"ਚਤਮ ਜ਼ਰੂਰਤ ਹੈ। ਭਾਰਤ ਵਿਚ ਲੋਕਾਂ ਨੂੰ ਇਸ ਦੀ ਅਗਿਆਨਤਾ ਵਿੱਚੋਂ ਕੱਢ ਕੇ ਇਸਤਰੀ ਸਿੱਖਿਆ ਲਈ ਤਿਆਰ ਕਰਨਾ ਹੁੰਦਾ ਹੈ। ਰਾਸ਼ਟਰੀ ਸਾਖਰਤਾ ਮਿਸ਼ਨ ਅਤੇ ਸਰਵ ਸਿੱਖਿਆ ਅਭਿਆਨ ਨਾਲ ਸਬੰਧਿਤ ਸਹਿਤ ਸਮੱਗਰੀ ਦਾ ਅਧਿਐਨ ਸਪੱਸ਼ਟ ਰੂਪ 'ਚ ਸਿੱਖਿਆ ਦੀ ਲੋਕਾਂ 'ਚ ਛੋਟੇ ਪਰਿਵਾਰ ਦੇ ਮਹੱਤਵ, ਬਾਲ ਸਿਹਤ ਅਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਦੇ ਸੰਚਾਰ ਦੇ ਸਾਧਨ ਵਜੋਂ ਵਰਤੋਂ ਨੂੰ ਸਾਹਮਣੇ ਲਿਆਉਂਦਾ ਹੈ। ਇਸੇ ਤਰ੍ਹਾਂ ਕਾਲਜ ਪੱਧਰ ਤੇ ਜਨਸੰਖਿਆ ਸਿੱਖਿਆ ਅਤੇ ਵਾਤਾਵਰਣ ਸਿੱਖਿਆ ਨੂੰ ਵੱਖਰੇ ਵਿਸ਼ਿਆਂ ਵਜੋਂ ਕੋਰਸਾਂ 'ਚ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਨੌਜਵਾਨ ਵਰਗ ਨੂੰ ਜਨਸੰਖਿਆ ਵਿਸਫੋਟ ਅਤੇ ਵਾਤਾਵਰਣ ਵਿਗਾੜ ਜਿਹੀਆਂ ਵੱਡੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਇਹਨਾਂ ਨੂੰ ਠੱਲ ਪਾਉਣ ਦੇ ਉਪਰਾਲੇ ਕੀਤੇ ਜਾ ਸਕਣ।

**9. ਨਸ਼ਿਆਂ ਦੀ ਇੱਲਤ ਤੋਂ ਬਚਾਉਣਾ :** ਸਾਰੀ ਦੁਨੀਆਂ ਵਿੱਚ ਆਮ ਕਰਕੇ ਤੇ ਭਾਰਤ ਵਿੱਚ ਵੀ ਖਾਸ ਕਰਕੇ ਤੇ ਪੰਜਾਬ ਵਿਚ ਹੋਰ ਵੀ ਵੱਧ ਲੋੜ ਹੈ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਇੱਲਤ ਤੋਂ ਬਚਾਇਆ ਜਾਵੇ। ਇਹ ਇੱਲਤ ਸਮਾਜ ਦਾ ਸੱਤਿਆਨਾਸ਼ ਕਰ ਰਹੀ ਹੈ।ਇਸ ਨੂੰ ਕਾਨੂੰਨ ਰਾਹੀਂ ਵੀ ਤਾਂ ਹੀ ਲਾਗੂ ਕੀਤਾ ਜਾ ਸਕੇਗਾ ਜੇਕਰ ਲੋਕਾਂ ਨੂੰ ਇਸ ਦੀਆਂ ਬੁਰਾਈਆਂ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸ ਵਿੱਚ ਸਿੱਖਿਆ ਨੇ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ।

## 1.1.9 ਸੰਖੇਪ (Summary)

ਸਿੱਖਿਆ ਇੱਕ ਬਹੁਤ ਵਿਸ਼ਾਲ ਸੰਕਲਪ ਹੈ। ਇਸ ਨੂੰ ਵੱਖ -ਵੱਖ ਖੇਤਰਾਂ ਦੇ ਵਿਦਵਾਨਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਦੇਖਿਆ ਹੈ। ਇਸ ਨੂੰ ਪੂਰਨ ਭਾਂਤ ਪਰਿਭਾਸ਼ਿਤ ਕਰਨਾ ਬਹੁਤ ਔਖਾ ਹੈ ਕਿਉਂਕਿ ਭਾਰਤੀਆਂ ਤੇ ਪੱਛਮੀ ਖੇਤਰਾਂ ਦੇ ਵਿਦਵਾਨਾਂ ਦੇ ਇਸ ਬਾਰੇ ਵੱਖਰੀ ਵੱਖਰੀ ਭਾਂਤ ਦੇ ਵਿਚਾਰ ਦਰਸਾਏ ਹਨ। ਸਮੇਂ ਦੇ ਬੀਤਨ ਨਾਲ ਇਸ ਦੇ ਸੰਕਲਪ ਵੀ ਬਦਲਦੇ ਰਹੇ ਹਨ। ਅੱਜ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖਿਆ ਦੀ ਮਾਨਵ ਸ਼ਕਤੀ ਵਿਕਾਸ ਵਿਚ ਅਤਿ ਦੀ ਭਾਈਵਾਲੀ ਹੈ। ਜੇ ਸਿੱਖਿਆ ਨੂੰ ਵਿਕਾਸ ਦੀਆਂ ਕ੍ਰਿਆਵਾਂ ਵਿਚੋਂ ਵੱਖਰਾ

ਕਰ ਲਿਆ ਜਾਵੇ ਤਾਂ ਇਹ ਕ੍ਰਿਆਵਾਂ ਖੇਰੂੰ ਖੇਰੂੰ ਹੋ ਜਾਣਗੀਆਂ।

ਅੱਜ ਦੇ ਜ਼ਮਾਨੇ ਵਿੱਚ ਸਿੱਖਿਆ ਦਾ ਸਮੁੱਚੇ ਵਿਕਾਸ ਵਿੱਚ ਉੱਘਾ ਭਾਗ ਹੁੰਦਾ ਹੈ। ਸਿੱਖਿਆ ਮਾਨਵ ਸ਼ਕਤੀ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਕੇ ਵਿਕਾਸ ਦੀ ਗਤੀ ਨੂੰ ਤੇਜ਼ ਕਰਦੀ ਹੈ। ਅਜਿਹਾ ਕਰਨ ਲਈ ਸਿੱਖਿਆ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਕੇ ਉਸਦਾ ਯੋਗ ਵਿਕਾਸ ਕਰਨ ਲਈ ਵਿਅਕਤੀ ਦਾ ਵਿਕਾਸ ਕਰਦੀ ਹੈ, ਮਾਨਵੀ ਵਿਹਾਰ ਨੂੰ ਸੁਧਾਰਦੀ ਹੈ, ਗਿਆਨ ਭੰਡਾਰ ਵਿੱਚ ਵਾਧਾ ਕਰਦੀ ਹੈ, ਚਰਿੱਤਰ ਨਿਰਮਾਣ ਕਰਦੀ ਹੈ, ਕਿੱਤਈ ਯੋਗਤਾ ਉਤਪੰਨ ਕਰਦੀ ਹੈ, ਭਾਵਨਾਵਾਂ ਦਾ ਪੁਨਰਗਠਨ ਕਰਦੀ ਹੈ। ਜਦੋਂ ਸਿੱਖਿਆ ਦੁਆਰਾ ਪ੍ਰਭਾਵਿਤ ਹੋ ਕੇ ਵਿਅਕਤੀ ਦੀ ਮਾਨਵੀ ਸ਼ਕਤੀ ਉਤਪੰਨ ਹੋਵੇਗੀ ਤਾਂ ਉਹ ਦੇਸ਼ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣਗੇ।

ਇੰਨ ਬਿੰਨ ਇਸੇ ਪ੍ਰਕਾਰ ਦੀ ਸਿੱਖਿਆ ਨੇ ਕੌਮੀ ਜੀਵਨ ਵਿੱਚ ਵੀ ਆਪਣਾ ਯੋਗਦਾਨ ਪਾਉਂਣਾ ਹੁੰਦਾ ਹੈ। ਇਸ ਨੇ ਸਮਾਜ ਨੂੰ ਉੱਚਾ ਚੁੱਕ ਕੇ ਦੁਨਿਆਵੀਂ ਪੱਧਰ ਤੇ ਇਸ ਦਾ ਨਿਰਮਾਣ ਕਰਨਾ ਹੁੰਦਾ ਹੈ। ਸਿੱਖਿਆ ਸਮੂਹਿਕ ਤੌਰ ਤੇ ਆਰਥਿਕ ਵਿਕਾਸ ਵਿੱਚ ਆਪਣਾ ਹਿੱਸਾ ਪਾਉਂਦੀ ਹੈ। ਇਹ ਸੱਭਿਆਚਾਰਕ ਵਿਕਾਸ ਦੀ ਸੰਭਾਲ ਕਰਦੀ ਹੈ, ਇਸ ਵਿੱਚ ਹੋਰ ਵਾਧਾ ਕਰਕੇ ਆਉਣ ਵਾਲੀ ਪੀੜ੍ਹੀ ਦੇ ਹਵਾਲੇ ਕਰਦੀ ਹੈ। ਇਹ ਭਾਰਤ ਵਿੱਚ ਬਹੁ ਧਰਮੀ, ਬਹੁਭਾਸ਼ਾਈ ਤੇ ਬਹੁਨਸਲੀ ਸਮਾਜਾਂ ਵਿਚ ਭਾਵੁਕ ਏਕਤਾ ਬਣਾਉਂਦੀ ਹੈ। ਇਹ ਚੰਗੀ ਭਾਂਤ ਦੇ ਨਾਗਰਿਕ ਪੈਦਾ ਕਰਦੀ ਹੈ। ਇਹ ਸਮਾਜ ਵਿੱਚ ਅਨੁਸ਼ਾਸ਼ਨ ਬਣਾਉਂਦੀ ਹੈ। ਇਹ ਸਮਾਜਿਕ ਪ੍ਰੀਵਰਤਨ ਤੇਜ਼ ਕਰਦੀ ਹੈ। ਇਹ ਸਮਾਜਿਕ ਸਮੱਸਿਆਵਾਂ ਦਾ ਅਧਿਐਨ ਕਰਕੇ ਉਨ੍ਹਾਂ ਦਾ ਹੱਲ ਲੱਭਣ ਦੇ ਯਤਨ ਕਰਦੀ ਹੈ। ਸਭ ਨਾਲੋਂ ਵੱਧ ਯੋਗਦਾਨ ਉਹ ਸਾਡੇ ਸਮਾਜ ਵਿੱਚ ਵੱਧ ਰਹੇ ਨਸ਼ਿਆਂ ਦੇ ਪ੍ਰਯੋਗ ਤੇ ਕਾਬੂ ਪਾਉਣ ਵਿਚ ਆਪ ਯਤਨਸ਼ੀਲ ਹੁੰਦੀ ਹੈ।

ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸਿੱਖਿਆ ਇੱਕ ਉਸਾਰੂ ਗਤੀਵਿਧੀਆਂ ਦਾ ਉਪਰਾਲਾ ਹੁੰਦੀ ਹੈ ਜੋ ਕਿ ਮਨੁੱਖੀ ਤੇ ਸਮਾਜਿਕ ਵਿਰਸੇ ਨੂੰ ਗਤੀਸ਼ੀਲ ਢੰਗ ਨਾਲ ਵਿਉਂਤਬੰਦ ਕਰਕੇ ਸਮਾਜ ਦੀ ਉਸਾਰੀ ਵਿੱਚ ਗਤੀਸ਼ੀਲ ਹੁੰਦੀ ਹੈ।

## 1.10 ਸੁਝਾਏ ਪ੍ਰਸ਼ਨ

1. ਸਿੱਖਿਆ ਦਾ ਕੀ ਅਰਥ ਹੈ? ਅਤੇ ਇਸ ਦੀ ਸਭ ਨਾਲੋਂ ਢੁੱਕਵੀਂ ਪਰਿਭਾਸ਼ਾ ਦਾ ਵਰਣਨ ਕਰੋ।
2. ਸਿੱਖਿਆ ਦੇ ਸੰਕਲਪ ਦਾ ਵਿਸਥਾਰ ਸਹਿਤ ਵਰਨਣ ਕਰੋ।
3. ਸਿੱਖਿਆ ਦੇ ਖੇਤਰ ਬਾਰੇ ਜਾਣਕਾਰੀ ਦਿਉ।
4. ਮਨੁੱਖੀ ਜੀਵਨ ਵਿਚ ਸਿੱਖਿਆ ਦੇ ਕੀ ਕਾਰਜ ਹਨ? ਚਰਚਾ ਕਰੋ।
5. ਕੌਮੀ ਜੀਵਨ ਵਿਚ ਸਿੱਖਿਆ ਦੇ ਕਾਰਜਾਂ ਬਾਰੇ ਜਾਣਕਾਰੀ ਦਿਉ।

## 1.11 ਸੁਝਾਈ ਪੁਸਤਕ ਸੂਚੀ


1. ਟੀ.ਐਸ.ਸੋਢੀ, ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਸਮਾਜਿਕ ਅਤੇ ਦਾਰਸ਼ਨਿਕ ਆਧਾਰ।
2. ਜੇ.ਸੀ. ਅਗਰਵਾਲ : ਥਿਊਰੀ ਐਂਡ ਪ੍ਰਿੰਸਿਪਲਜ਼ ਆਫ਼ ਐਜੂਕੇਸ਼ਨ।
3. ਐਨ.ਆਰ.ਸਵਰੂਪ ਐਂਡ ਸਕਸੈਨਾ : ਫਿਲਾਸਾਫੀਕਲ ਐਂਡ ਸ਼ੋਸ਼ਿਆਲੋਜ਼ੀਕਲ ਬੇਸਿਸ ਆਫ਼ ਐਜੂਕੇਸ਼ਨ।
4. ਟੀ.ਐਸ.ਸੋਢੀ : ਵਿੱਦਿਆ ਦੇ ਸਿਧਾਂਤ।
5. ਵੀ. ਆਰ. ਤਨੇਜਾ : ਫਾਉਂਡੇਸ਼ਨ ਆਫ਼ ਐਜੂਕੇਸ਼ਨ।
6. ਟੀ.ਐਸ.ਸੋਢੀ : ਸਿੱਖਿਅਕ ਫਲਸਫ਼ਾ ਅਤੇ ਸਮਾਜ ਸ਼ਾਸਤਰ।

**ਪਾਠ ਨੰ: 1.2** **ਲੇਖਕ – ਡਾ. ਮਨਜੀਤ ਕੌਰ**

# ਸਿੱਖਿਆ ਦੇ ਉਦੇਸ਼, ਲੋੜ, ਮਹੱਤਤਾ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ

1.2.0 ਪਾਠ ਦੀ ਬਣਤਰ
1.2.1 ਉਦੇਸ਼
1.2.2 ਜਾਣ-ਪਛਾਣ
1.2.3 ਸਿੱਖਿਆ ਦੇ ਉਦੇਸ਼
1.2.4 ਚੰਗੇ ਉਦੇਸ਼ਾਂ ਦਾ ਮਾਪਦੰਡ
1.2.5 ਵਰਤਮਾਨ ਸਮੇਂ ਵਿੱਚ ਸਿੱਖਿਆ ਦੇ ਆਦਰਸ਼ਕ ਉਦੇਸ਼
1.2.6 ਸਿੱਖਿਆ ਦੇ ਉਦੇਸ਼ਾਂ ਦੀ ਲੋੜ ਅਤੇ ਮਹੱਤਤਾ
1.2.7 ਸਿੱਖਿਆ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ
1.2.8 ਸਾਰ
1.2.9 ਸੁਝਾਏ ਪ੍ਰਸ਼ਨ
1.2.10 ਸੁਝਾਈਆਂ ਪੁਸਤਕਾਂ

## 1.2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ

(i) ਸਿੱਖਿਆ ਦੇ ਉਦੇਸ਼ਾਂ ਦੇ ਅਰਥ ਨੂੰ ਸਮਝ ਲੈਣਗੇ
(ii) ਵਿਦਿਆਰਥੀ ਵਰਤਮਾਨ ਸਮੇਂ ਵਿੱਚ ਸਿੱਖਿਆ ਦੇ ਆਦਰਸ਼ਕ ਉਦੇਸ਼ਾਂ ਤੋਂ ਜਾਣੂ ਹੋ ਜਾਣਗੇ।
(iii) ਸਿੱਖਿਆ ਦੇ ਉਦੇਸ਼ਾਂ ਦੀ ਲੋੜ ਅਤੇ ਮਹੱਤਤਾ ਤੋਂ ਜਾਣੂ ਹੋ ਜਾਣਗੇ।
(iv) ਸਿੱਖਿਆ ਦੇ ਉਦੇਸ਼ਾਂ ਦੇ ਕਾਰਕਾਂ ਬਾਰੇ ਜਾਣਕਾਰੀ ਦੇਣਾ।

## 1.2.2 ਜਾਣ-ਪਛਾਣ :

ਸੰਸਾਰ ਵਿੱਚ ਜਿੰਨੀਆਂ ਵੀ ਕਿਰਿਆਵਾਂ ਹੁੰਦੀਆਂ ਹਨ, ਉਹ ਕਿਸੇ ਨਾ ਕਿਸੇ ਨਿਸ਼ਾਨੇ ਵੱਲ ਕੇਂਦਰਿਤ ਹੁੰਦੀਆਂ ਹਨ। ਜਦੋਂ ਕੋਈ ਕਿਰਿਆ ਆਰੰਭ ਹੁੰਦੀ ਹੈ ਤਾਂ ਉਸ ਦਾ ਕਿਸੇ ਨਾ ਕਿਸੇ ਪੱਧਰ ਤੇ ਅੰਤ ਵੀ ਹੁੰਦਾ ਹੈ। ਕਿਰਿਆ ਦਾ ਅੰਤ ਕਿਥੇ ਹੋਵੇਗਾ, ਇਸ ਗੱਲ ਨੂੰ ਜੇਕਰ ਕਿਰਿਆ ਦੇ ਆਰੰਭ ਵਿੱਚ ਹੀ ਜਾਣ ਲਿਆ ਜਾਵੇ ਤਾਂ ਉਸ ਕਿਰਿਆ ਦੇ ਨਿਸ਼ਾਨੇ ਦਾ ਪਤਾ ਲਗ ਸਕਦਾ ਹੈ। ਇਸ ਤਰ੍ਹਾਂ ਕਿਰਿਆ ਦੇ ਅੰਤ ਦੀ ਪੂਰਵ ਦ੍ਰਿਸ਼ਟੀ ਹੀ ਇਕ ਤਰ੍ਹਾਂ ਨਾਲ ਉਸ ਕਿਰਿਆ ਦਾ ਉਦੇਸ਼ ਹੁੰਦਾ ਹੈ। ਉਦੇਸ਼-ਵਿਹੀਨ ਕਿਰਿਆ ਦੀ ਹੋਂਦ ਨੂੰ ਹੀ ਕੁਝ ਵਿਦਵਾਨ ਇਨਕਾਰ ਕਰਦੇ ਹਨ। ਸਿੱਖਿਆ ਵੀ ਇਕ ਤਰ੍ਹਾਂ ਦੀ ਕਿਰਿਆ ਹੈ ਅਤੇ ਇਸਦਾ ਵੀ ਉਦੇਸ਼ ਹੁੰਦਾ ਹੈ। ਉਦੇਸ਼ ਵਿਹੀਨ ਸਿੱਖਿਆ ਨਿਰਾਰਥਕ ਹੈ।

## 1.2.3 ਸਿੱਖਿਆ ਦੇ ਉਦੇਸ਼ ਦਾ ਅਰਥ :

ਸਿੱਖਿਆ ਦੇ ਵੀ ਆਪਣੇ ਕੁਝ ਉਦੇਸ਼ ਹੁੰਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਸੰਪੂਰਣ ਵਿੱਦਿਅਕ ਢਾਂਚੇ ਦਾ ਜਨਮ ਤੇ ਵਿਕਾਸ ਹੋਇਆ ਹੈ। ਉਦੇਸ਼ਾਂ ਦੀ ਜਾਣਕਾਰੀ ਇਕ ਅਧਿਆਪਕ ਲਈ ਅਤਿ ਜ਼ਰੂਰੀ ਹੈ। ਕਿਉਂਕਿ ਉਹ ਇਕ ਮਲਾਹ ਦੀ ਤਰ੍ਹਾਂ ਹੁੰਦਾ ਹੈ ਅਤੇ ਉਦੇਸ਼ ਉਸਦੀ ਮੰਜ਼ਿਲ ਸਿੱਖਿਆ ਦੇ ਉਦੇਸ਼ਾਂ ਦਾ ਅਰਥ ਇਕ ਪ੍ਰਕਾਰ ਹਨ :-

1. ਉਦੇਸ਼ ਦੇ ਬਿਨਾਂ ਸਿੱਖਿਆ ਅਰਥਪੂਰਣ ਨਹੀਂ ਹੈ। ਜਾਨ ਡੀਵੀ ਅਨੁਸਾਰ ''ਉਦੇਸ਼ ਪਹਿਲਾਂ ਤੋਂ ਸੋਚੇ ਗਏ ਉਹ ਟੀਚੇ ਹਨ ਜੋ ਇਕ ਕਿਰਿਆ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ ਅਤੇ ਵਿਵਹਾਰ ਨੂੰ ਪ੍ਰੇਰਿਤ ਕਰਦੇ ਹਨ।''
2. ਉਦੇਸ਼ ਉਹ ਪੂਰਵ-ਨਿਰਧਾਰਤ ਟੀਚੇ ਹਨ ਜੋ ਵਿਚਾਰ ਅਤੇ ਨਿਯੋਜਨ ਦੇ ਬਾਅਦ ਵਿਅਕਤੀ ਨੂੰ ਤੱਦ ਤੱਕ ਪ੍ਰੇਰਿਤ ਕਰਦਾ ਹੈ ਜਦੋਂ ਤਕ ਉਹ ਉਦੇਸ਼ ਪੂਰਾ ਨਹੀਂ ਹੋ ਜਾਂਦਾ।
3. ਇਕ ਉਦੇਸ਼ ਉਹ ਪੂਰਵ ਨਿਰਧਾਰਤ ਟੀਚਾ ਹੈ ਜੋ ਇਸ ਨੂੰ ਪ੍ਰਾਪਤ ਕਰਨ ਦੇ ਲਈ ਮਨੁੱਖੀ ਗਤੀਵਿਧੀਆਂ ਨੂੰ ਉਤੇਜਿਤ ਕਰਦਾ ਹੈ।

### 1.2.4 ਚੰਗੇ ਉਦੇਸ਼ਾਂ ਦਾ ਮਾਪਦੰਡ :

1. ਇਹ ਅਜੋਕੀਆਂ ਸਥਿਤੀਆਂ ਤੋਂ ਉਪਜਦੇ ਹਨ।
2. ਇਹ ਆਰਜ਼ੀ ਹੁੰਦੇ ਹਨ ਅਤੇ ਇਹਨਾਂ ਨੂੰ ਲੋੜ ਪੈਣ ਤੇ ਬਦਲਿਆ ਜਾ ਸਕਦਾ ਹੈ।
3. ਇਹ ਚੰਗੀ ਤਰ੍ਹਾਂ ਪ੍ਰੀਭਾਸ਼ਿਤ ਕੀਤੇ ਜਾਂਦੇ ਹਨ।
4. ਇਹ ਲਚਕੀਲੇ ਸੁਭਾਅ ਦੇ ਹੁੰਦੇ ਹਨ।
5. ਇਹ ਲੋਕਾਂ ਦੇ ਜੀਵਨ ਅਤੇ ਉਹਨਾਂ ਦੀਆਂ ਇਛਾਵਾਂ ਨਾਲ ਸੰਬੰਧਿਤ ਹੁੰਦੇ ਹਨ।

ਜਾਨ ਡੀਵੀ ਨੇ ਇਹਨਾਂ ਦੀ ਪਰਖ ਲਈ ਹੇਠ ਲਿਖੇ ਟੀਚੇ ਮਿੱਥੇ ਹਨ :

1. ਚੰਗੇ ਉਦੇਸ਼ ਜੀਵਨ ਦੀਆਂ ਅਸਲੀ ਸਥਿਤੀਆਂ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਦੀ ਉੱਤਪਤੀ ਇਹਨਾਂ ਸਥਿਤੀਆਂ ਤੋਂ ਹੀ ਹੁੰਦੀ ਹੈ ਅਤੇ ਇਹਨਾਂ ਸਥਿਤੀਆਂ ਵਿਚ ਹੀ ਇਹਨਾਂ ਦੀ ਪ੍ਰਾਪਤੀ ਹੁੰਦੀ ਹੈ।
2. ਇਹ ਲਚਕੀਲੇ ਹੋਣੇ ਚਾਹੀਦੇ ਹਨ। ਜੋ ਜਿੰਦਗੀ ਦੇ ਬਦਲਦੇ ਹਾਲਾਤ ਅਨੁਸਾਰ ਬਦਲ ਸਕਣ।
3. ਇਕ ਚੰਗਾ ਉਦੇਸ਼ ਇਕ ਵਿਸਥਾਰਪੂਰਵਕ ਕਾਰਜ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਕਾਰਜ ਕੇਵਲ ਉਦੇਸ਼ ਦੀ ਪੂਰਤੀ ਲਈ ਹੀ ਨਹੀਂ ਹੁੰਦਾ ਸਗੋਂ ਇਹ ਕਾਰਜ ਦਾ ਸਮੁੱਚਾ ਮਾਰਗ ਸਿੱਖਿਆ ਦੇ ਧੁਰੇ ਦੁਆਲੇ ਘੁੰਮਦਾ ਰਹਿੰਦਾ ਹੈ।

### 1.2.5 ਵਰਤਮਾਨ ਸਮੇਂ ਵਿੱਚ ਸਿੱਖਿਆ ਦੇ ਆਦਰਸ਼ਕ ਉਦੇਸ਼ :

ਵਰਤਮਾਨ ਸਮੇਂ ਵਿੱਚ ਸਿੱਖਿਆ ਦੇ ਆਦਰਸ਼ਕ ਉਦੇਸ਼ ਹੇਠ ਲਿਖੇ ਹਨ :

1. ਵਿਦਿਆਰਥੀਆਂ ਦੀ ਸ਼ਖਸੀਅਤ ਦਾ ਸਰਵਪੱਖੀ ਅਤੇ ਸੰਪੂਰਨ ਵਿਕਾਸ ਕਰਨਾ।
2. ਵਿਦਿਆਰਥੀਆਂ ਵਿੱਚੋਂ ਚੰਗੇ ਨਾਗਰਿਕ ਉਤਪੰਨ ਕਰਨਾ।
3. ਵਿਦਿਆਰਥੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਭਰਪੂਰ ਕਰਨਾ।
4. ਵਿਦਿਆਰਥੀਆਂ ਨੂੰ ਮਾਨਵ ਸੇਵਾ ਲਈ ਤਿਆਰ ਕਰਨਾ।
5. ਵਿਦਿਆਰਥੀਆਂ ਨੂੰ ਆਪਣੇ ਸਭਿਆਚਾਰਕ ਵਿਰਸੇ ਦੀ ਸੰਭਾਲ ਕਰਨ ਦੇ ਯੋਗ ਬਣਾਉਣਾ।
6. ਵਿਦਿਆਰਥੀਆਂ ਦੇ ਮਨਾਂ ਵਿੱਚ ਸਮਾਜਿਕ ਅਤੇ ਰਾਸ਼ਟਰੀ ਏਕਤਾ ਦੀ ਭਾਵਨਾ ਭਰਪੂਰ ਕਰਨਾ।
7. ਵਿਦਿਆਰਥੀਆਂ ਨੂੰ ਰੋਜ਼ੀ ਕਮਾਉਣ ਦੇ ਯੋਗ ਬਣਾਉਣ ਲਈ ਕਿੱਤਈ ਸਿੱਖਿਆ ਪ੍ਰਦਾਨ ਕਰਨਾ।
8. ਵਿਦਿਆਰਥੀਆਂ ਦਾ ਨੈਤਿਕ ਅਤੇ ਸਦਾਚਾਰਕ ਪੱਧਰ ਉੱਚਾ ਕਰਨ ਲਈ ਉਨ੍ਹਾਂ ਨੂੰ ਧਾਰਮਿਕ ਸਿੱਖਿਆ ਪ੍ਰਦਾਨ ਕਰਨਾ।
9. ਮਾਨਵੀ ਸਾਧਨਾਂ ਦੀ ਉਚਿਤ ਵਰਤੋਂ ਕਰਨਾ।
10. ਵਿਦਿਆਰਥੀਆਂ ਦੇ ਦਿਲਾਂ ਵਿੱਚ ਆਧੁਨਿਕੀਕਰਨ ਦੀ ਸੂਝ ਉਤਪੰਨ ਕਰਨਾ।

### 1.2.6 ਸਿੱਖਿਆ ਉਦੇਸ਼ਾਂ ਦੀ ਲੋੜ:

ਸਿੱਖਿਆ ਦੇ ਉਦੇਸ਼ਾਂ ਤੇ ਬਿਨਾਂ ਵਿਚਾਰ ਕੀਤੇ, ਸਿੱਖਿਆ ਦੀ ਪ੍ਰਕਿਰਿਆ ਦਾ ਸੰਚਾਲਨ ਸੁਚਾਰੂ ਰੂਪ ਵਿੱਚ ਨਹੀਂ ਕੀਤਾ ਜਾ ਸਕਦਾ। ਇਹ ਉਦੇਸ਼ ਸਿੱਖਿਅਕ ਨਿਯੋਜਨ ਕਰਤਾ ਨੂੰ ਦੂਰ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ

ਗੈਰ ਹਾਜ਼ਰੀ ਵਿੱਚ ਸਿੱਖਿਆ ਪ੍ਰਣਾਲੀ ਦਾ ਅਸਫ਼ਲ ਹੋਣਾ ਨਿਸ਼ਚਿਤ ਹੁੰਦਾ ਹੈ। ਉਦੇਸ਼ ਵਿਹੀਨ ਸਿੱਖਿਆ ਵਿਅਰਥ ਹੈ।

ਜੌਹਨ ਡਿਊਵੀ : ਨੇ ਉਦੇਸ਼ਾਂ ਉਤੇ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਸਿੱਖਿਆ ਦਾ ਆਪਣਾ ਕੋਈ ਉਦੇਸ਼ ਨਹੀਂ ਹੁੰਦਾ। ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਦਾ ਹੀ ਉਦੇਸ਼ ਹੁੰਦਾ ਹੈ। ਸਿੱਖਿਆ ਦਾ ਕੋਈ ਲਕਸ਼ ਨਹੀਂ। ਡਿਊਵੀ ਦੇ ਇਸ ਵਿਚਾਰ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ। ਜੇਕਰ ਵਿਦਿਆਰਥੀ, ਮਾਪੇ ਤੇ ਅਧਿਆਪਕ ਕੁਝ ਉਦੇਸ਼ਾਂ ਦੁਆਰਾ ਸਿੱਖਿਆ ਦੀ ਕਿਰਿਆ ਦਾ ਸੰਚਾਲਨ ਕਰਦੇ ਹਨ ਤਾਂ ਇਕ ਤਰ੍ਹਾਂ ਨਾਲ ਸਿੱਖਿਆ ਦੀ ਦਿਸ਼ਾ ਨਿਸ਼ਚਿਤ ਹੋ ਹੀ ਜਾਂਦੀ ਹੈ।

ਸਿੱਖਿਆ, ਨਿਰਸੰਦੇਹ ਇੱਕ ਪ੍ਰਕਿਰਿਆ ਹੈ ਪਰੰਤੂ ਇਹ ਉਦੇਸ਼ ਵਹੀਨ ਨਹੀਂ ਹੈ। ਇਹ ਇਕ ਨੈਤਿਕ ਪ੍ਰਕਿਰਿਆ ਹੈ ਤੇ ਕਿਸੇ ਦਿਸ਼ਾ ਵੱਲ ਮੁਖਾਤਿਬ ਹੁੰਦੀ ਹੈ। ਦਿਸ਼ਾ ਦਾ ਨਿਰਧਾਰਨ ਹੀ ਲਕਸ਼ ਦਾ ਨਿਰਧਾਰਨ ਹੈ। ਇਸ ਲਈ ਸਿੱਖਿਆ ਦੇ ਉਦੇਸ਼ਾਂ ਦਾ ਨਿਸ਼ਚਾ ਸਾਡੇ ਲਈ ਜ਼ਰੂਰੀ ਹੈ।

ਹੇਠ ਲਿਖੇ ਕਾਰਨਾਂ ਕਰਕੇ ਸਿੱਖਿਆ ਵਿਚ ਉਦੇਸ਼ਾਂ ਦੀ ਬਹੁਤ ਵਧੇਰੇ ਲੋੜ ਹੈ :

1. ਇਹ ਅਧਿਆਪਕ ਤੇ ਵਿਦਿਆਰਥੀ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ।
2. ਇਹ ਸਿੱਖਿਆ ਪ੍ਰਕਿਰਿਆ ਨੂੰ ਅਰਥਪੂਰਣ ਬਣਾਉਂਦੇ ਹਨ।
3. ਸਿੱਖਿਆ ਦੇ ਉਦੇਸ਼ਾਂ ਅਨੁਸਾਰ ਹੀ, ਅਧਿਆਪਨ ਦੀਆਂ ਸਾਰੀਆਂ ਵਿਧੀਆਂ ਪਾਠਕ੍ਰਮ ਤੇ ਮੁਲਾਂਕਣ ਪ੍ਰਣਾਲੀ ਨੂੰ ਆਕਾਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਵਿੱਚ ਪਰਿਵਰਤਨ ਕੀਤੇ ਜਾਂਦੇ ਹਨ।

ਇਸ ਪ੍ਰਕਾਰ ਸਿੱਖਿਆ ਦੇ ਉਦੇਸ਼ਾਂ ਦਾ ਸਪਸ਼ਟ ਗਿਆਨ, ਵਿਦਿਆਰਥੀ ਤੇ ਅਧਿਆਪਕ ਦੇ ਮਨਾਂ ਵਿਚ ਦ੍ਰਿੜਤਾ ਅਤੇ ਆਤਮਬਲ ਜਾਗਰਿਤ ਕਰਦਾ ਹੈ। ਉਹ ਇਕਾਗਰਚਿੱਤ ਹੋ ਕੇ ਆਪਣੇ ਕਾਰਜ ਨੂੰ ਪੂਰੇ ਉਤਸ਼ਾਹ ਨਾਲ ਕਰਨ ਲੱਗਦੇ ਹਨ।

## 1.2.6 ਸਿੱਖਿਆ ਦੇ ਉਦੇਸ਼ਾਂ ਦਾ ਮਹੱਤਵ:

ਸਿੱਖਿਆ ਨੂੰ ਉਦੇਸ਼ਾਂ ਦੀ ਬਿਲਕੁਲ ਉਸੇ ਤਰ੍ਹਾਂ ਹੀ ਜ਼ਰੂਰਤ ਹੈ ਜਿਵੇਂ ਇਕ ਪੌਦੇ ਨੂੰ ਧੁੱਪ ਦੀ ਅਤੇ ਮਨੁੱਖ ਨੂੰ ਪਾਣੀ, ਹਵਾ ਤੇ ਭੋਜਨ ਆਦਿ ਦੀ ਹੈ। ਅਧਿਆਪਨ ਪ੍ਰਕਿਰਿਆ, ਸਿੱਖਿਆ ਉਦੇਸ਼ਾਂ ਬਿਨਾਂ ਫ਼ਜ਼ੂਲ ਹੈ। ਵਿਦਿਆਰਥੀਆਂ ਦੀ ਮੰਜ਼ਲ ਗੁਆਚ ਜਾਂਦੀ ਹੈ। ਉਦੇਸ਼ ਸਾਡੇ ਯਤਨਾਂ ਨੂੰ ਸੇਧ ਪ੍ਰਦਾਨ ਕਰਦੇ ਹਨ ਤੇ ਸਿੱਖਿਆ ਵਿਚ ਵਿਅਰਥਪੁਣੇ ਨੂੰ ਰੋਕਦੇ ਹਨ। ਅਸਲ ਵਿਚ ਉਦੇਸ਼ ਗਿਆਨ ਦੇ ਅਭਾਵ ਕਾਰਨ ਵਿਅਕਤੀ ਜਾਂ ਸੰਸਥਾ, ਦੋਹਾਂ ਨੂੰ ਹੀ ਆਪਣੀਆਂ ਯੋਗਤਾਵਾਂ ਤੇ ਸਮੱਰਥਾਵਾਂ ਦਾ ਗਿਆਨ ਨਹੀਂ ਹੁੰਦਾ।

ਸਿੱਖਿਆ ਦੇ ਉਦੇਸ਼ ਮਹੱਤਵਪੂਰਨ ਹਨ ਕਿਉਂਕਿ :

1. ਸਿੱਖਿਆ ਇਕ ਉਦੇਸ਼ਪੂਰਨ ਪ੍ਰਕਿਰਿਆ ਹੈ ਤੇ ਸਿੱਖਿਆ ਉਦੇਸ਼ ਇਸ ਪ੍ਰਕਿਰਿਆ ਨੂੰ ਇਕ ਲੋੜੀਂਦੀ ਦਿਸ਼ਾ ਪ੍ਰਦਾਨ ਕਰਦੇ ਹਨ।
2. ਸਿੱਖਿਆ ਉਦੇਸ਼ਾਂ ਉਤੇ ਬਿਨਾਂ ਵਿਚਾਰ ਕੀਤੇ, ਸਿੱਖਿਆ ਦੀ ਪ੍ਰਕਿਰਿਆ ਦਾ ਸੰਚਾਲਨ ਸੁਚਾਰੂ ਰੂਪ ਵਿਚ ਨਹੀਂ ਕੀਤਾ ਜਾ ਸਕਦਾ। ਉਦੇਸ਼ਾਂ ਬਿਨਾਂ ਸਿੱਖਿਆ ਨਿਰਾਰਥਕ ਹੈ।
3. ਉਦੇਸ਼, ਬੁੱਧੀਮਾਨੀ ਨਾਲ ਕੰਮ ਕਰਨ ਵਿਚ ਸਹਾਇਤਾ ਕਰਦੇ ਹਨ, ਜਿਵੇਂ ਕਿ ਜੌਹਨ ਡਿਊਵੀ ਨੇ ਕਿਹਾ ਹੈ, ''ਕਿਸੇ ਉਦੇਸ਼ ਨੂੰ ਸਾਹਮਣੇ ਰੱਖਦੇ ਕੀਤੀ ਗਈ ਕਿਰਿਆ ਹੀ ਬੁੱਧੀਮਾਨਤਾ ਪੂਰਨ ਕਿਰਿਆ ਹੈ। ਵਿਅਕਤੀ ਨੂੰ ਪਤਾ ਰਹਿੰਦਾ ਹੈ ਕਿ ਉਹ ਕੀ ਅਤੇ ਕਿਉਂ ਕੁਝ ਕਰ ਰਿਹਾ ਹੈ।
4. ਸਿੱਖਿਆ ਉਦੇਸ਼ ਵਿਦਿਆਰਥੀਆਂ ਦੇ ਕੰਮ ਨੂੰ ਵੀ ਦਿਸ਼ਾ ਪ੍ਰਦਾਨ ਕਰਦੇ ਹਨ। ਉਦੇਸ਼ ਸਪਸ਼ਟ ਹੋਣ ਕਰਕੇ ਉਹ ਉਨ੍ਹਾਂ ਦੀ ਪ੍ਰਾਪਤੀ ਵਿਚ ਪੂਰਨ ਸਹਿਯੋਗ ਦੇ ਕੇ, ਉਤਸ਼ਾਹ ਪੂਰਵਕ ਕੰਮ ਕਰਦੇ ਹਨ।
5. ਸਿੱਖਿਆ ਉਦੇਸ਼ ਮਾਤਾ ਪਿਤਾ ਤੇ ਸਧਾਰਨ ਲੋਕਾਂ ਲਈ ਵੀ ਮਹੱਤਵਪੂਰਨ ਹੁੰਦੇ ਹਨ। ਉਹ ਸਕੂਲ ਦੀ ਤਰੱਕੀ ਨੂੰ ਕਿਸੇ ਵੀ ਸਮੇਂ ਜਾਣ ਸਕਦੇ ਹਨ। ਸਕੂਲ ਵੀ ਉਨ੍ਹਾਂ ਦੀ ਵਿਅਰਥ ਆਲੋਚਨਾ ਤੋਂ ਬੱਚ ਜਾਂਦੇ ਹਨ।

6. ਸਕੂਲ-ਪ੍ਰਸ਼ਾਸਨ ਵਿਚ ਕ੍ਰਮ ਬੱਧਤਾ ਤੇ ਨਿਪੁੰਨਤਾ ਲਿਆਉਣ ਲਈ ਸਿੱਖਿਆ ਉਦੇਸ਼ਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਵਿਚ ਅਧਿਆਪਕਾਂ ਦੀ ਚੋਣ, ਪਾਠਕ੍ਰਮ ਨਿਯੋਜਨ, ਸੰਸਥਾ ਦੇ ਸਿੱਖਿਆ ਉਦੇਸ਼ਾਂ ਅਨੁਸਾਰ ਨਿਰਧਾਰਿਤ ਤੇ ਨਿਰਦੇਸ਼ਿਤ ਹੁੰਦੀ ਹੈ।
7. ਸਿੱਖਿਆ ਉਦੇਸ਼, ਸਿੱਖਿਆ ਪ੍ਰਕਿਰਿਆ ਨੂੰ ਮਹੱਤਵ ਤੇ ਨਿਰੰਤਰਤਾ ਪ੍ਰਦਾਨ ਕਰਦੇ ਹਨ। ਸਿੱਖਿਆ ਇਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਇਹ ਸਿੱਖਿਆ ਉਦੇਸ਼ ਹੀ ਹਨ ਜੋ ਸਾਡੇ ਅਨੁਭਵਾਂ ਨੂੰ ਸਿੱਖਿਆ ਦਾ ਦਰਜਾ ਦਿੰਦੇ ਹਨ ਅਤੇ ਉਸਨੂੰ ਨਿਰੰਤਰ ਬਣਾਈ ਰੱਖਦੇ ਹਨ।
8. ਉਦੇਸ਼, ਸਮੇਂ ਤੇ ਊਰਜਾ ਨੂੰ ਵਿਅਰਥ ਜਾਣ ਤੋਂ ਬਚਾਉਂਦੇ ਹਨ।
9. ਸਿੱਖਿਆ ਉਦੇਸ਼ ਵਿਵੇਕਪੂਰਨ ਢੰਗ ਨਾਲ ਕੰਮ ਕਰਨ ਵਿਚ ਸਹਾਇਤਾ ਦਿੰਦੇ ਹਨ।
10. ਉਦੇਸ਼, ਅਧਿਆਪਕ ਨੂੰ ਅਗਵਾਈ ਪ੍ਰਦਾਨ ਕਰਦੇ ਹਨ। ਉਸਨੂੰ ਪਤਾ ਲਗਦਾ ਹੈ ਕਿ ਉਸਨੇ ਕਿਹੜੇ ਮਾਰਗ ਤੇ ਜਾਣਾ ਹੈ। ਉਹ ਇਕ ਦੂਸਰੇ ਦੀ ਸਹਾਇਤਾ ਤੇ ਸਹਿਯੋਗ ਹਾਸਿਲ ਕਰ ਸਕਦੇ ਹਨ। ਇਸ ਤਰ੍ਹਾਂ ਸਿੱਖਿਆ ਇਕ ਸਾਂਝੀ ਯੋਜਨਾ ਦਾ ਰੂਪ ਧਾਰਨ ਕਰ ਲੈਂਦੀ ਹੈ।
11. ਸਿੱਖਿਆ, ਰਾਸ਼ਟਰੀ ਵਿਕਾਸ ਦਾ ਆਧਾਰ ਹੈ। ਰਾਸ਼ਟਰੀ ਏਕਤਾ, ਉਦੇਸ਼ਹੀਨ ਸਿੱਖਿਆ ਪ੍ਰਣਾਲੀ ਤੋਂ ਕਦੇ ਵੀ ਉਤਪੰਨ ਨਹੀਂ ਹੋ ਸਕਦੀ। ਸਿੱਖਿਆ ਉਦੇਸ਼ ਹੀ ਇਸਨੂੰ ਰਾਸ਼ਟਰੀ ਵਿਕਾਸ ਵੱਲ ਤੋਰ ਸਕਦੇ ਹਨ।
12. ਸਿੱਖਿਆ ਉਦੇਸ਼ ਅਧਿਆਪਕ ਨੂੰ ਸਿੱਖਿਆ ਵਿਧੀਆਂ ਦੀ ਚੋਣ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਦੇ ਹਨ। ਵਿਸ਼ੇਸ਼ ਸਿੱਖਿਆ ਉਦੇਸ਼, ਵਿਸ਼ੇਸ਼ ਸਿੱਖਿਆ ਵਿਧੀਆਂ ਦੁਆਰਾ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

### 1.2.7 ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਨ ਵਾਲੇ ਕਾਰਕ

**(i) ਮਨੁੱਖੀ ਸੁਭਾਅ ਦੀ ਪ੍ਰਕ੍ਰਿਤੀ (Nature of the Human Nature ) :** ਜੇ ਮੋਟੇ ਤੌਰ ਤੇ ਅਸੀਂ ਲੋਕਾਂ ਨੂੰ ਦੋ ਭਾਗਾਂ ਵਿੱਚ ਵੰਡ ਲਈਏ ਤਾਂ ਇੱਕ ਤਾਂ ਉਹ ਲੋਕ ਹੋਣਗੇ ਜੋ ਕਿ ਮਨੁੱਖੀ ਜੀਵਨ ਦੇ ਸੁਭਾਅ ਨੂੰ ਸ਼ੁੱਭ ਸਮਝਣਗੇ ਤੇ ਉਹ ਇਹ ਚਾਹੁੰਣਗੇ ਕਿ ਇਸ ਪ੍ਰਕਾਰ ਦੇ ਸੁਭਾਅ ਨੂੰ ਜੀਵਨ ਵਿਚ ਦਰਸਾਇਆ ਜਾਵੇ। ਭਾਰਤੀ ਸੰਸਕ੍ਰਿਤੀ ਜਾਂ ਹਿੰਦੂ ਫਲਸਫ਼ਾ ਮੂਲ ਰੂਪ ਵਿਚ ਇਨਸਾਨ ਨੂੰ ਇੱਕ ਸਥਾਈ ਖੁਸ਼ੀ ਵੱਲ ਨੂੰ ਲੈ ਕੇ ਜਾਂਦਾ ਹੈ ਤੇ ਇਸ ਲਈ ਉਸ ਦੇ ਕੁਦਰਤੀ ਸੁਭਾਅ ਵਿਚ ਆਸ਼ਾਵਾਦੀ ਅੰਸਰ ਹਨ ਜੋ ਕਿ ਉਸ ਦੇ ਪ੍ਰਮਾਤਮਾ ਨਾਲ ਇੱਕ ਮਿਕ ਹੋਣ ਲਈ ਪ੍ਰੇਰਿਤ ਕਰਦੇ ਹਨ। ਕਈ ਫਲਸਫ਼ੇ ਜੀਵਨ ਨੂੰ ਨਿਰਾਸ਼ਾਵਾਦੀ ਵੀ ਸਮਝਦੇ ਹਨ ਤੇ ਇਸ ਦੇ ਟੀਚੇ ਵੀ ਉਸੇ ਪ੍ਰਕਾਰ ਹੀ ਨਿਸ਼ਚਿਤ ਕਰਦੇ ਹਨ। ਕਿਉਂਕਿ ਮੂਲ ਰੂਪ ਵਿਚ ਭਾਰਤੀ ਚਿੰਤਕ ਆਸ਼ਾਵਾਦੀ ਹੈ ਤੇ ਮਾਨਵਤਾ ਦੀ ਭਲਾਈ ਨਾਲ ਜੁੜਿਆ ਹੋਇਆ ਹੈ ਇਸ ਲਈ ਇਥੋਂ ਦੇ ਸਿੱਖਿਆ ਦੇ ਉਦੇਸ਼ ਵੀ ਇਸੇ ਪ੍ਰਕਾਰ ਦੇ ਹੀ ਹੋਣਗੇ। ਜਿਸ ਪ੍ਰਕਾਰ ਕਿ ਸਪਾਈਨੇਜ਼ (Spinaza) ਨੇ ਕਿਹਾ ਹੈ ਪੂਰਨ ਅੰਦਰ, ਮਨੁੱਖ ਦੀਆਂ ਚੇਤੰਨ ਅਤੇ ਅਚੇਤ ਦੋਵੇਂ ਤਰਾਂ ਦੀਆਂ ਗਤੀਵਿਧੀਆਂ ਪਿੱਛੇ ਅਸਲ ਪ੍ਰੇਰਨਾ ਦੀ ਸ਼ਕਤੀ ਹੈ। ਦੂਸਰੇ ਪਾਸੇ ਉਹ ਲੋਕ ਵੀ ਹੋਣਗੇ ਜੋ ਜੀਵਨ ਨੂੰ ਨਰਕ ਸਮਝਣਗੇ ਤੇ ਇਸ ਨਰਕ ਤੋਂ ਛੁਟਕਾਰਾ ਪਾਉਣ ਲਈ ਚਾਹਵਾਨ ਹੋਣਗੇ। ਅਜਿਹੇ ਵਿਅਕਤੀ ਨਿਰਾਸ਼ਾਵਾਦੀ ਹੋਣਗੇ ਤੇ ਉਹ ਸਿੱਖਿਆ ਲਈ ਵੀ ਉਸੇ ਪ੍ਰਕਾਰ ਦੇ ਟੀਚੇ ਨਿਸ਼ਚਿਤ ਕਰਨਗੇ। ਅੱਜ ਦੀ ਦੁਨੀਆਂ ਵਿਚ ਅਫਗਾਨਿਸਤਾਨ ਤੇ ਤਾਲਿਬਾਨ ਆ ਜਾਂਦੇ ਹਨ ਜੋ ਕਿ ਗਿਆਨ ਨੂੰ ਉਨ੍ਹਾਂ ਦੀਆਂ ਆਪਣੀਆਂ ਕੀਮਤਾਂ ਨਾਲ ਹੀ ਜੋੜਨ ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਲੜਕੀਆਂ ਦੇ ਸਕੂਲ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਲਈ ਪੋਸ਼ਾਕ ਵੀ ਪੂਰਨ ਭਾਂਤ ਨਿਰਧਾਰਿਤ ਕਰ ਦਿੱਤੀ ਹੈ। ਅਜਿਹੇ ਲੋਕਾਂ ਦੇ ਸਿੱਖਿਆ ਦੇ ਉਦੇਸ਼ ਵੀ ਉਨ੍ਹਾਂ ਦੇ ਅਨੁਸਾਰ ਹੀ ਨਿਸ਼ਚਿਤ ਹੋਣਗੇ।

**(ii) ਵਾਸਤਵਿਕਤਾ ਦਾ ਰੂਪ (Nature of Reality)**

ਆਸ਼ਾਵਾਦੀ ਇਸ ਗੱਲ ਵਿਚ ਯਕੀਨ ਰੱਖਦੇ ਹਨ ਕਿ ਸਿੱਖਿਆ ਦਾ ਮਨੋਰਥ ਸਵੈ ਅਨੁਭਵ ਜਾਂ ਫੇਰ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ। ਪ੍ਰਕਿਰਤੀਵਾਦੀ ਵਿਸ਼ਵਾਸ਼ ਰੱਖਦੇ ਹਨ ਕਿ ਸਿੱਖਿਆ ਦਾ ਉਦੇਸ਼ ਸਵੈ ਪ੍ਰਗਟਾਵਾ ਹੁੰਦਾ ਹੈ। ਪ੍ਰਯੋਗਵਾਦੀਆਂ ਦਾ ਵਿਚਾਰ ਹੈ ਕਿ ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਉਹ ਯੋਗਤਾ ਪ੍ਰਦਾਨ ਕਰਨੀ ਹੁੰਦੀ ਹੈ ਜਿਸ ਰਾਹੀਂ ਕਿ ਉਹ ਆਪਣੇ ਵਾਤਾਵਰਨ ਨੂੰ ਆਪਣੀ ਮਰਜ਼ੀ ਨਾਲ ਬਦਲ ਸਕੇ। ਜੀਵਨ ਦੇ ਉਦੇਸ਼ਾਂ ਨੂੰ ਅਨੁਭਵ ਕਰਨ ਲਈ ਸਿੱਖਿਆ ਇੱਕ ਸਾਧਨ ਹੈ। ਇਹ ਗੱਲ ਠੀਕ ਹੈ ਕਿ ਸਾਧਨਾਂ ਦੇ ਆਪਣੇ ਕੋਈ ਉਦੇਸ਼ ਨਹੀਂ ਹੁੰਦੇ।

ਇਨ੍ਹਾਂ ਦਾ ਉਦੇਸ਼ ਸਿਰਫ਼ ਜ਼ਿੰਦਗੀ ਦੇ ਉਦੇਸ਼ਾਂ ਦੀ ਪ੍ਰਾਪਤੀ ਹੁੰਦਾ ਹੈ। ਜਿਸ ਪ੍ਰਕਾਰ ਦੀ ਕਿਸੇ ਦੇਸ਼ ਦੀ ਅਸਲੀਅਤ ਬਾਬਤ ਧਾਰਨਾ ਹੋਵੇਗੀ, ਉਸੇ ਪ੍ਰਕਾਰ ਦੇ ਹੀ ਵਿੱਦਿਆ ਦੇ ਉਦੇਸ਼ ਹੋਣਗੇ। ਜੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਦੁਨੀਆਂ ਅਸਲੀ ਹੈ ਤੇ ਉਹ ਸਮਾਜ ਸੁਧਾਰ ਦੀਆਂ ਕੀਮਤਾਂ ਨਾਲ ਸਕੂਲ ਦੇ ਉਦੇਸ਼ਾਂ ਨੂੰ ਨਿਸ਼ਚਿਤ ਕਰੇਗਾ ਅਤੇ ਜੇ ਉਹ ਇਹ ਸਮਝਦਾ ਹੋਵੇ ਕਿ ਇਹ ਦੁਨੀਆਂ ਛਾਇਆਵਾਦ ਹੈ ਤਾਂ ਉਹ ਇਸ ਤੋਂ ਨਿਜਾਤ ਪਾਉਣ ਦੇ ਢੰਗ ਲੱਭੇਗਾ।

**(iii) ਸਿਆਸੀ ਵਿਚਾਰਧਾਰਾ ਅਤੇ ਵਿਅਕਤੀ-ਰਾਜ ਵਿੱਚ ਆਪਸੀ ਸੰਬੰਧ (Political Ideology and Individual-State Relationship)**

ਜਿਸ ਪ੍ਰਕਾਰ ਦੀ ਸਰਕਾਰ ਹੋਵੇ ਉਸੇ ਪ੍ਰਕਾਰ ਦੇ ਹੀ ਸਿੱਖਿਆ ਦੇ ਉਦੇਸ਼ ਨਿਸ਼ਚਿਤ ਕਰਨੇ ਹੁੰਦੇ ਹਨ। ਕੌਮਨਿਸਟ ਵਿਚਾਰਧਾਰਾ ਵਾਲੇ ਦੇਸ਼ਾਂ ਵਿਚ ਵਿਅਕਤੀ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਹੁੰਦੀ। ਉਸ ਨੇ ਤਾਂ ਜਿਸ ਪ੍ਰਕਾਰ ਹੀ ਸਰਕਾਰ ਫੈਸਲਾ ਕਰੇ, ਉਸੇ ਪ੍ਰਕਾਰ ਦੀਆਂ ਹੀ ਕ੍ਰਿਆਵਾਂ ਕਰਨੀਆਂ ਹੁੰਦੀਆਂ ਹਨ। ਜੇ ਵਿਅਕਤੀ ਨੇ ਕੋਈ ਸਿਖਲਾਈ ਕੀਤੀ ਹੋਈ ਹੈ ਤੇ ਦੇਸ਼ ਨੂੰ ਉਸ ਸਿਖਲਾਈ ਨਾਲ ਵਿਅਕਤੀ ਲਈ ਕੰਮ ਕਰਨ ਦੀ ਲੋੜ ਨਹੀਂ ਹੈ ਤਾਂ ਉਸ ਨੂੰ ਉਹ ਹੀ ਕੰਮ ਕਰਨਾ ਪਵੇਗਾ ਜਿਸ ਤਰ੍ਹਾਂ ਦੇ ਕਿ ਉਸ ਨੂੰ ਉਦੇਸ਼ ਦਿੱਤੇ ਜਾਣਗੇ। ਦੇਸ਼ ਦੀਆਂ ਲੋੜਾਂ ਨੂੰ ਵਿਅਕਤੀਆਂ ਦੀਆਂ ਲੋੜਾਂ ਤੋਂ ਉੱਚਾ ਸਮਝਿਆ ਜਾਂਦਾ ਹੈ। ਉਦਾਹਰਣ ਵਜੋਂ ਚੀਨ ਨੇ ਆਪਣੇ ਦੇਸ਼ ਦੀ ਆਬਾਦੀ ਨੂੰ ਕਾਬੂ ਕਰਨ ਲਈ ਇਹ ਫੈਸਲਾ ਕਰ ਲਿਆ ਹੈ ਕਿ ਪਰਿਵਾਰ ਵਿਚ ਇਕ ਹੀ ਬੱਚਾ ਹੋਵੇਗਾ, ਤੇ ਇਹ ਸਾਰਿਆਂ ਨੂੰ ਕਰਨਾ ਹੀ ਪਿਆ ਹੈ। ਜਿਨ੍ਹਾਂ ਲੋਕਾਂ ਦੀਆਂ ਸੱਧਰਾਂ ਵੱਧ ਬੱਚਿਆਂ ਦੀ ਹੋਵੇ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਦਬਾਉਣੀਆਂ ਹੀ ਪੈਣਗੀਆਂ। ਵਿਅਕਤੀ ਨੂੰ ਰਾਜਨੀਤਿਕ ਸਥਿਤੀ ਤੇ ਕੁਰਬਾਨ ਕੀਤਾ ਜਾਂਦਾ ਹੈ।

ਪਰ ਲੋਕਤੰਤਰ ਸਮਾਜ ਵਿਚ ਵਿਅਕਤੀ ਦੀਆਂ ਭਾਵਨਾਵਾਂ ਦਾ ਵੀ ਸਤਿਕਾਰ ਕਰਨਾ ਹੁੰਦਾ ਹੈ। ਜੇ ਵਿਅਕਤੀ ਦੇਸ਼ ਦੀਆਂ ਨੀਤੀਆਂ ਨਾਲ ਸਹਿਮਤ ਨਾ ਹੋਵੇ ਤਾਂ ਉਹ ਆਪਣੀ ਮਨਮਾਨੀ ਵੀ ਕਰ ਸਕਦਾ ਹੁੰਦਾ ਹੈ। ਉਦਾਹਰਣ ਵੱਜੋਂ ਇੱਥੇ ਦੀ ਸਰਕਾਰ ਨੇ ਆਬਾਦੀ ਤੇ ਨਿਯੰਤਰਣ ਕਰਨ ਲਈ ਦੋ ਬੱਚਿਆਂ ਦੇ ਪਰਿਵਾਰ ਲਈ ਫੈਸਲਾ ਕੀਤਾ ਹੈ। ਜੇ ਕੋਈ ਇਸ ਨਾਲ ਸਹਿਮਤ ਨਾ ਹੋਵੇ ਤਾਂ ਉਹ ਬੱਚਿਆਂ ਦੀ ਲਾਈਨ ਵੀ ਲਗਾ ਸਕਦਾ ਹੈ।

ਇਸ ਪ੍ਰਕਾਰ ਦੇਸ਼ ਦੇ ਫਲਸਫੇ ਦੇ ਅਨੁਸਾਰ ਵਿਅਕਤੀ ਨੇ ਆਪਣੇ ਆਪ ਨੂੰ ਢਾਲਣਾ ਹੁੰਦਾ ਹੈ ਤੇ ਉਸ ਪ੍ਰਕਾਰ ਦੇ ਹੀ ਟੀਚੇ ਨਿਸ਼ਚਿਤ ਕੀਤੇ ਜਾਂਦੇ ਹਨ। ਭਾਰਤ ਵਿੱਚ ਇਕ ਵਾਰ ਇੰਦਰਾ ਗਾਂਧੀ ਨੇ ਲੋਕਾਂ ਤੇ ਜਬਰਦਸਤੀ ਕਰਕੇ ਪਰਿਵਾਰ ਨਿਯੋਜਨ ਨੂੰ ਲਾਗੂ ਕੀਤਾ ਸੀ। ਸਿੱਟਾ ਇਹ ਨਿਕਲਿਆ ਕਿ ਚੋਣਾਂ ਵਿੱਚ ਸਰਕਾਰ ਨੂੰ ਹਾਨੀ ਹੋਈ। ਇਸ ਲਈ ਉਦੇਸ਼ ਨਿਸ਼ਚਿਤ ਕਰਨ ਲਈ ਰਾਜਨੀਤਿਕ ਕੀਮਤਾਂ ਦਾ ਧਿਆਨ ਰੱਖ ਕੇ ਹੀ ਵਿਅਕਤੀ ਨੂੰ ਦੇਸ਼ ਨਾਲ ਜੋੜਨਾ ਹੁੰਦਾ ਹੈ।

**(iv) ਸਮਾਜਿਕ ਆਰਥਿਕ ਸਥਿਤੀ (Socio-Economic Status)**

ਸਿੱਖਿਆ ਲੋਕਾਂ ਵਿੱਚ ਬਰਾਬਰੀ ਲਿਆਉਣ ਲਈ ਯੋਗ ਟੀਚੇ ਵੀ ਬਣਾਉਂਦੀ ਹੈ। ਸਰਕਾਰ ਨੇ ਲੋਕਰਾਜੀ ਕੀਮਤਾਂ ਰਾਹੀਂ ਅਮੀਰ ਤੇ ਗਰੀਬ ਦੇ ਵੱਖਰੇਵਿਆਂ ਨੂੰ ਘੱਟ ਕਰਨਾ ਹੁੰਦਾ ਹੈ ਤੇ ਇਸ ਲਈ ਟੈਕਸਾਂ ਦਾ ਪ੍ਰਯੋਗ ਕਰਨਾ ਹੁੰਦਾ ਹੈ। ਦੇਸ਼ ਨੂੰ ਵਿਕਾਸ ਦੇ ਰਾਹ ਤੇ ਲੈ ਜਾਣ ਲਈ ਦੇਸ਼ ਦੇ ਸਮਾਜਿਕ ਤੇ ਆਰਥਿਕ ਹਾਲਾਤ ਅਨੁਸਾਰ ਹੀ ਉਦੇਸ਼ ਬਣਾਉਂਣੇ ਹੁੰਦੇ ਹਨ।

**(v) ਸਮਾਜਿਕ ਵਿਕਾਸ ਦਾ ਮਨੋਰਥ (Goal of Social Development) :** ਸਮਾਜ ਆਪਣੇ ਆਪ ਵਿਚ ਵਿਕਾਸ ਦੀਆਂ ਧਾਰਨਾਵਾਂ ਬਣਾਉਂਦਾ ਹੈ ਤੇ ਉਸ ਅਨੁਸਾਰ ਹੀ ਸਿੱਖਿਆ ਦੇ ਉਦੇਸ਼ ਸਥਾਪਤ ਕਰਦਾ ਹੈ ਜੋ ਕਿ ਉਨ੍ਹਾਂ ਦੀ ਪੂਰਤੀ ਲਈ ਯਤਨਸ਼ੀਲ ਹੁੰਦੇ ਹਨ। ਸਮਾਜਿਕ ਵਿਕਾਸ ਦੇ ਸੰਕਲਪ ਵਿੱਚ ਲੋਕਾਂ ਦੀ ਭੌਤਿਕ ਭਲਾਈ ਉਤਸ਼ਾਹਿਤ ਕਰਨ ਲਈ ਆਰਥਿਕ ਵਿਕਾਸ ਸੁਖਾਂਵੇਂ ਜੀਵਨ ਲਈ ਤੇ ਲੋਕਤੰਤਰ ਅਤੇ ਨਿਆਂ ਪੂਰਵਿਕ ਰਾਜ ਦੇ ਵਾਧੇ ਲਈ, ਸਮਾਜਿਕ ਤੇ ਰਾਜਨੀਤਿਕ ਵਿਕਾਸ ਦੀ ਜ਼ਿੰਦਗੀ ਦੇ ਗੁਣਾਤਮਿਕ ਵਿਕਾਸ ਲਈ ਬੌਧਿਕ ਸਭਿਆਚਾਰ ਅਤੇ ਸੁੰਦਰਤਾਮਈ ਵਿਕਾਸ ਲਈ ਸਿੱਖਿਆ ਦੇ ਟੀਚੇ ਨਿਸ਼ਚਿਤ ਕੀਤੇ ਜਾਂਦੇ ਹਨ।

**(vi) ਧਰਮ ਦਾ ਪ੍ਰਭਾਵ (Effect of Religion) :** ਜਿਨ੍ਹਾਂ ਦੇਸ਼ਾਂ ਵਿੱਚ ਕਿਸੇ ਇੱਕ ਧਰਮ ਦਾ ਰਾਜ ਹੁੰਦਾ ਹੈ ਉਥੇ ਸਿੱਖਿਆ ਦੇ ਟੀਚੇ ਵੀ ਧਰਮ ਦੇ ਠੇਕੇਦਾਰ ਹੀ ਨਿਸ਼ਚਿਤ ਕਰਦੇ ਹਨ। ਜਦੋਂ ਹਾਲ ਵਿਚ ਹੀ

ਤਾਲਿਬਾਨ ਨੇ ਅਫਗਾਨਿਸਤਾਨ ਦੀ ਸਰਕਾਰ ਤੇ ਕਬਜਾ ਕੀਤਾ ਤਾਂ ਉਨ੍ਹਾਂ ਨੇ ਲੜਕੀਆਂ ਲਈ ਪੜ੍ਹਨ ਦੀ ਮਨਾਹੀ ਕਰ ਦਿੱਤੀ ਤੇ ਸਾਰੇ ਲੜਕੀਆਂ ਦੇ ਸਕੂਲ ਬੰਦ ਕਰ ਦਿੱਤੇ। ਕੌਮਨਿਸਟ ਵਿਚਾਰ ਵਾਲੇ ਦੇਸ਼ਾਂ ਵਿੱਚ ਸਿੱਖਿਆ ਦਾ ਇੱਕ ਉਦੇਸ਼ ਆਦੇਸ਼ ਬੱਚਿਆਂ ਦਾ ਪ੍ਰਤੀਪਾਦਨ ਕਰਨਾ ਹੁੰਦਾ ਹੈ ਤਾਂ ਕਿ ਉਨ੍ਹਾਂ ਦੇ ਵਿਸ਼ਵਾਸ ਸਿਰਫ਼ ਕੌਮਨਿਸਟ ਫਲਸਫ਼ੇ ਵਿੱਚ ਹੀ ਹੋਵੇ ਤੇ ਉਹ ਉਸ ਤੋਂ ਵੱਧ ਕੇ ਕੁੱਝ ਵੀ ਨਾ ਸੋਚ ਸਕਣ। ਉਥੇ ਧਰਮ ਨੂੰ ਧਰਮ ਵਾਲਾ ਵਿਸ਼ਵਾਸ ਕੌਮਨਿਸਟ ਵਿਚਾਰ ਧਾਰਾ ਵਿਚ ਬਣਾਉਣ ਲਈ ਸਿੱਖਿਆ ਦੇ ਉਦੇਸ਼ ਬਣਾਏ ਜਾਂਦੇ ਹਨ।

**(vii) ਇਤਿਹਾਸ ਦਾ ਪ੍ਰਭਾਵ (Effect of History) :** ਸਿੱਖਿਆ ਦੇ ਟੀਚੇ ਨਿਰਧਾਰਿਤ ਕਰਨ ਲਈ ਇਤਿਹਾਸਿਕ ਪੱਖ ਨੂੰ ਵੀ ਅੱਖਾਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ। ਜਦੋਂ ਭਾਰਤ ਵਿੱਚ ਅੰਗਰੇਜ਼ੀ ਹਕੂਮਤ ਸੀ ਤਾਂ ਸਿੱਖਿਆ ਦੇ ਟੀਚੇ ਵੀ ਉਥੋਂ ਤੋਂ ਹੀ ਚਲਦੇ ਸੀ।

**(viii) ਸਭਿਆਚਾਰ ਦਾ ਪ੍ਰਭਾਵ (Effect of Culture) :** ਕੋਈ ਵੀ ਦੇਸ਼ ਸਿੱਖਿਆ ਦੇ ਟੀਚੇ ਨਿਰਧਾਰਿਤ ਕਰਨ ਲੱਗਿਆਂ ਆਪਣੇ ਸਭਿਆਚਾਰ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ। ਯੂ.ਕੇ. ਵਿੱਚ ਸਿੱਖਿਆ ਰਾਹੀਂ ਵਿਅਕਤੀਤਵ ਨੂੰ ਉੱਚਾ ਚੁੱਕਣ ਤੇ ਆਚਰਣ ਉਸਾਰੀ ਤੇ ਜ਼ੋਰ ਦਿੱਤਾ ਜਾਂਦਾ ਹੈ। ਉਹ ਧਰਮ ਦੀ ਮਹੱਤਤਾ ਨੂੰ ਘਟਾਉਂਦੇ ਨਹੀਂ। ਦੂਸਰੇ ਵਿਸ਼ਵ ਯੁੱਧ ਵਿੱਚ ਮਾਨਵ ਸ਼ਕਤੀ ਦੀਆਂ ਲੋੜਾਂ ਦੇ ਅਨੁਸਾਰ ਧਾਰਮਿਕ ਸਿੱਖਿਆ ਨੂੰ ਸਕੂਲ ਦੇ ਪਾਠਕ੍ਰਮ ਵਿਚੋਂ ਕੱਢ ਦਿੱਤਾ ਸੀ, ਪਰ ਯੁੱਧ ਦੇ ਬੰਦ ਹੁੰਦਿਆਂ ਸਾਰ ਹੀ ਉਨ੍ਹਾਂ ਨੇ ਫੇਰ ਸਕੂਲ ਵਿੱਚ ਧਰਮ ਨੂੰ ਲਾਗੂ ਕਰਨਾ ਆਰੰਭ ਕਰ ਦਿੱਤਾ ਹੈ। ਯੂ.ਐਸ.ਏ. ਦੇ ਸੱਭਿਆਚਾਰ ਅਨੁਸਾਰ ਉਹ ਦੁਨੀਆਂ ਭਰ ਦੀ ਉੱਚ ਪੱਧਰੀ ਬੌਧਿਕਤਾ ਨੂੰ ਆਪਣੇ ਦੇਸ਼ ਵਿੱਚ ਬੁਲਾ ਲੈਂਦੇ ਹਨ ਤੇ ਫੇਰ ਉਨ੍ਹਾਂ ਨੂੰ ਆਪਣੇ ਵਿੱਚ ਇਸ ਪ੍ਰਕਾਰ ਸਮੋ ਲੈਂਦੇ ਹਨ ਕਿ ਅਗਲੀ ਪੀੜ੍ਹੀ ਵਿੱਚ ਉਹ ਅਸਲ ਵਿਚ ਹੀ ਬਣ ਜਾਂਦੇ ਹਨ। ਉਨ੍ਹਾਂ ਵਾਂਗ ਹੀ ਕੰਮ ਕਰਦੇ ਹਨ ਤੇ ਉਨ੍ਹਾਂ ਵਾਂਗ ਹੀ ਜੀਵਨ ਦਾ ਸੁਆਦ ਲੈਂਦੇ ਹਨ। ਉਹ ਸਿੱਖਿਆ ਦੇ ਉਦੇਸ਼ ਵੀ ਉਸੇ ਪ੍ਰਕਾਰ ਹੀ ਨਿਸ਼ਚਿਤ ਕਰਦੇ ਹਨ।

**(ix) ਗਿਆਨ ਦਾ ਵਾਧਾ (Explosion of Knowledge ) :** ਇਸ ਯੁੱਗ ਵਿੱਚ ਗਿਆਨ ਦਾ ਵਾਧਾ ਛੜੱਪੇ ਮਾਰ ਕੇ ਹੋ ਰਿਹਾ ਹੈ। ਸਿੱਖਿਆ ਨੇ ਇਸ ਨੂੰ ਵਿਕਾਸ ਤੇ ਲੋਕ ਭਲਾਈ ਲਈ ਵਰਤਣਾ ਹੁੰਦਾ ਹੈ ਤੇ ਇਸੇ ਪ੍ਰਕਾਰ ਦੇ ਹੀ ਟੀਚੇ ਮੁਕੱਰਰ ਕਰਨੇ ਹੁੰਦੇ ਹਨ।

### 1.2.8 ਸਾਰ :

ਸਿੱਖਿਆ ਉਦੇਸ਼ਾਂ ਦੀ ਪ੍ਰਕਿਰਤੀ ਗਤੀਸ਼ੀਲ ਤੇ ਪਰਿਵਰਤਨਸ਼ੀਲ ਹੈ। ਦੇਸ਼ ਤੇ ਕਾਲ ਅਨੁਸਾਰ, ਇਨ੍ਹਾਂ ਦਾ ਰੂਪ ਪਰਿਵਰਤਨ ਹੁੰਦਾ ਰਹਿੰਦਾ ਹੈ। ਕੁਝ ਸਥਿਰ ਤੇ ਮੌਲਿਕ ਉਦੇਸ਼ ਤਾਂ ਹਮੇਸ਼ਾ ਲਈ ਇਕੋ ਜਿਹੇ ਰਹਿੰਦੇ ਹਨ ਤੇ ਦੇਸ਼ ਕਾਲ ਦੇ ਅਨੁਸਾਰ, ਇਨ੍ਹਾਂ ਵਿੱਚ ਪਰਿਵਰਤਨ ਹੋਣਾ ਜ਼ਰੂਰੀ ਨਹੀਂ ਹੁੰਦਾ। ਪਰੰਤੂ ਫਿਰ ਵੀ ਇਨ੍ਹਾਂ ਉਦੇਸ਼ਾਂ ਦੇ ਪ੍ਰਗਟੀਕਰਨ ਤੇ ਪ੍ਰਕਾਸ਼ਨ ਵਿੱਚ, ਦੇਸ਼ ਅਨੁਸਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਸਿੱਖਿਆ ਦਾ ਮੁੱਖ ਉਦੇਸ਼ ਵਿਦਿਆਰਥੀ ਨੂੰ ਇਕ ਨਿਸ਼ਚਿਤ ਮਾਰਗ ਤੇ ਲੈ ਜਾਣਾ ਹੈ। ਪਰ ਇਹ ਨਿਸ਼ਚਿਤ ਮਾਰਗ ਗਿਆਤ ਨਹੀਂ ਹੋ ਸਕਿਆ ਕਿਉਂਕਿ ਸਿੱਖਿਆ ਦੇ ਅਨੇਕਾਂ ਉਦੇਸ਼ ਹਨ ਇਸਦਾ ਮੁੱਖ ਕਾਰਣ ਵਿਅਕਤੀਆਂ ਵਿੱਚ ਪਾਈ ਜਾਣ ਵਾਲੀ ਵਿਅਕਤੀਗਤ ਭਿੰਨਤਾ ਹੈ। ਇਕ ਵਿਅਕਤੀ ਦੇ ਉਦੇਸ਼ ਵੀ ਹਮੇਸ਼ਾ ਇਕੋ ਜਿਹੇ ਨਹੀਂ ਰਹਿੰਦੇ। ਉਸ ਵਿੱਚ ਵੀ ਸਮੇਂ-ਸਮੇਂ ਪਰਿਵਰਤਨ ਆਉਂਦੇ ਰਹਿੰਦੇ ਹਨ। ਇਹ ਪਰਿਵਰਤਨ ਵਿਅਕਤੀਗਤ, ਸਮਾਜਗਤ, ਕਾਲਗੱਤ ਅੰਤਰ ਆਦਿ ਦੇ ਕਾਰਨ ਆਉਂਦੇ ਹਨ।

### 1.2.9 ਸੁਝਾਏ ਪ੍ਰਸ਼ਨ

1. ਸਿੱਖਿਆ ਦਾ ਕੀ ਅਰਥ ਹੈ? ਸਿੱਖਿਆ ਦੇ ਉਦੇਸ਼ਾਂ ਦੀ ਕੀ ਲੋੜ ਹੈ?
2. ਸਿੱਖਿਆ ਦੇ ਉਦੇਸ਼ਾਂ ਦਾ ਕੀ ਮਹੱਤਵ ਹੈ ਅਤੇ ਚੰਗੇ ਉਦੇਸ਼ਾਂ ਦਾ ਮਾਪਦੰਡ ਕੀ ਹੈ?
3. ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਿਹੜੇ-ਕਿਹੜੇ ਕਾਰਕ ਹਨ?

## 1.2.10 ਸੁਝਾਈ ਪੁਸਤਕ ਸੂਚੀ (Suggested Books)


1. ਸੋਢੀ, ਟੀ.ਐਸ. ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ
2. ਸੋਢੀ, ਟੀ.ਐਸ. ਅਤੇ ਬਲਵੰਤ ਸਿੰਘ : ਫ਼ਿਲਾਸਫ਼ੀ ਆਫ਼ ਐਜੂਕੇਸ਼ਨ
3. ਐਨ.ਸੀ.ਈ.ਆਰ.ਟੀ. : ਐਜੂਕੇਸ਼ਨ ਫਾਰ ਨੇਸ਼ਨਲ ਡਿਵੈਲਪਮੈਂਟ
4. ਬਰਾਊਡੀ, ਐਚ.ਐਸ. : ਬਿਲਡਿੰਗ ਏ ਫ਼ਿਲਾਸਫ਼ੀ ਆਫ਼ ਐਜੂਕੇਸ਼ਨ
5. ਰੋਸ, ਜੇਮਜ਼ : ਗਰਾਊਂਡਵਰਕ ਆਫ਼ ਐਜੂਕੇਸ਼ਨਲ ਥਿਊਰੀ

**ਪਾਠ ਨੰ. 1.3** **ਲੇਖਕ : ਡਾ.ਮਨਜੀਤ ਕੌਰ**

# ਸਿੱਖਿਆ ਦੇ ਉਦੇਸ਼ਾਂ ਦੀਆਂ ਕਿਸਮਾਂ

## ਪਾਠ ਦੀ ਬਣਤਰ

1.3.1 ਪਾਠ ਦੇ ਉਦੇਸ਼
1.3.2 ਜਾਣ-ਪਛਾਣ
1.3.3 ਸਿੱਖਿਆ ਦੇ ਉਦੇਸ਼ ਅਤੇ ਕਿਸਮਾਂ
 (i) ਗਿਆਨ ਸੰਬੰਧੀ ਉਦੇਸ਼
 (ii) ਰੁਜ਼ਗਾਰ ਸੰਬੰਧੀ ਉਦੇਸ਼
 (iii) ਸੱਭਿਆਚਾਰ ਸੰਬੰਧੀ ਉਦੇਸ਼
 (iv) ਚਰਿੱਤਰ ਨਿਰਮਾਣ ਸੰਬੰਧੀ ਉਦੇਸ਼
 (v) ਵਿਅਕਤੀਗਤ ਬਨਾਮ ਸਮਾਜਿਕ ਉਦੇਸ਼
 (vi) ਸੁਤੰਤਰ ਭਾਰਤ ਵਿੱਚ ਸਿੱਖਿਆ ਦੇ ਉਦੇਸ਼
1.3.4 ਸਾਰ
1.3.5 ਸੁਝਾਏ ਪ੍ਰਸ਼ਨ
1.3.6 ਸੁਝਾਈਆਂ ਪੁਸਤਕਾਂ

## 1.3.1 ਪਾਠ ਦੇ ਉਦੇਸ਼ :

ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ

1. ਸਿੱਖਿਆ ਦੇ ਗਿਆਨ ਸੰਬੰਧੀ ਅਤੇ ਰੁਜ਼ਗਾਰ ਸੰਬੰਧੀ ਉਦੇਸ਼ ਨੂੰ ਦੱਸਣ ਦੇ ਯੋਗ ਹੋ ਜਾਣਗੇ।
2. ਵਿਅਕਤੀਗਤ ਅਤੇ ਸਮਾਜਿਕ ਉਦੇਸ਼ ਵਿੱਚ ਅੰਤਰ ਕਰ ਸਕਣਗੇ।

## 1.3.2 ਜਾਣ-ਪਛਾਣ :

ਸਿੱਖਿਆ ਹਮੇਸ਼ਾ ਕਿਸੇ ਨਿਸ਼ਾਨੇ ਉਪਰ ਪੁੱਜਣ ਦਾ ਸਾਧਨ ਹੁੰਦੀ ਹੈ, ਕਿਸੇ ਪ੍ਰਾਪਤੀ ਦਾ ਵਸੀਲਾ ਜਾਂ ਉਪਰਾਲਾ। ਇਹ ਮੰਜ਼ਿਲ ਨਹੀਂ ਮਾਰਗ ਹੈ, ਅਰਥਾਤ ਇਹ ਕਿਸੇ ਵਿਸ਼ੇਸ਼ ਦੀ ਪ੍ਰਾਪਤੀ ਦਾ ਇਕ ਸਾਧਨ ਹੈ। ਹਰੇਕ, ਸੰਜੀਵ ਕ੍ਰਿਆ ਦਾ ਕੁਝ ਉਦੇਸ਼ ਹੁੰਦਾ ਹੈ। ਸਿੱਖਿਆ ਇਕ ਉਦੇਸ਼ਪੂਰਨ ਤੇ ਸੰਗਠਿਤ ਕਿਰਿਆ ਹੈ ਜੋ ਕਿਸੇ ਵਿਸ਼ੇਸ਼ ਮੰਤਵ ਨੂੰ ਮੁੱਖ ਰੱਖਕੇ ਕੀਤੀ ਜਾਂਦੀ ਹੈ। ਅਸਲ ਵਿਚ ਉਦੇਸ਼ ਹੀ ਇਕ ਅਜਿਹਾ ਨਾਪ-ਤੋਲ ਹੈ ਜਿਸ ਰਾਹੀਂ ਅਸੀਂ ਆਪਣੀਆਂ ਅਸਫਲਤਾਵਾਂ ਅਤੇ ਸਫਲਤਾਵਾਂ ਦਾ ਲੇਖਾ-ਜੋਖਾ ਕਰਦੇ ਹਾਂ। ਉਦੇਸ਼ ਸਾਨੂੰ ਸਿਆਣਪ ਨਾਲ ਅਤੇ ਸਾਰਥਕ ਰੂਪ ਵਿਚ ਪ੍ਰੇਰਣਾ ਦਿੰਦੇ ਹਨ। ਜਾਨ ਡਿਊਈ ਦਾ

ਕਥਨ ਹੈ, "ਉਦੇਸ਼ਾਂ ਸਹਿਤ ਕ੍ਰਿਆ ਹੀ ਬੁੱਧੀ ਭਰਪੂਰ ਕ੍ਰਿਆ ਹੈ।" ਅਤੇ ਜਾਨ ਡਿਊਈ ਦੇ ਹੀ ਸ਼ਬਦਾਂ ਵਿਚ "ਇਕ ਉਦੇਸ਼ ਪਹਿਲਾਂ ਹੀ ਦੇਖਿਆ ਹੋਇਆ ਅੰਤ ਹੈ ਜਿਹੜਾ ਕਿਸੇ ਕ੍ਰਿਆ ਨੂੰ ਸੇਧ ਦਿੰਦਾ ਹੈ ਜਾਂ ਵਿਹਾਰ ਨੂੰ ਪ੍ਰੇਰਿਤ ਕਰਦਾ ਹੈ।"

ਕਿਸੇ ਕਿਰਿਆ ਅਤੇ ਉਸਦੇ ਉਦੇਸ਼ ਵਿਚ ਨੇੜੇ ਦਾ ਸੰਬੰਧ ਹੁੰਦਾ ਹੈ। ਉਦੇਸ਼ ਇਕ ਸੋਚਿਆ ਸਮਝਿਆ ਮਨੋਰਥ ਹੈ ਜਿਸ ਨੂੰ ਅਸੀਂ ਕਿਸੇ ਕੰਮ ਨੂੰ ਸ਼ੁਰੂ ਕਰਨ ਲੱਗਿਆਂ ਆਪਣੇ ਸਾਹਮਣੇ ਰੱਖਦੇ ਹਾਂ। ਜਦੋਂ ਅਸੀਂ ਆਪਣਾ ਆਪ ਵਿਸ਼ੇਸ਼ ਸਿੱਟੇ ਤੇ ਪੁੱਜਣ ਲਈ ਲਾ ਦਿੰਦੇ ਹਾਂ ਤੇ ਇਹ ਲੋੜੀਂਦਾ ਸਿੱਟਾ ਜਾਂ ਅੰਤ ਹੀ ਉਦੇਸ਼ ਹੁੰਦਾ ਹੈ।

ਸਿੱਖਿਆ ਦੇ ਉਦੇਸ਼ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਨੂੰ ਠੀਕ ਰਸਤੇ ਪਾਈ ਰੱਖਦੇ ਹਨ। ਜੇਕਰ ਸਾਨੂੰ ਉਦੇਸ਼ ਦਾ ਪਤਾ ਹੋਵੇ ਤਾਂ ਅਸੀਂ ਆਪਣੇ ਯਤਨਾਂ ਨੂੰ ਉਸ ਪਾਸੇ ਸੇਧ ਦੇ ਸਕਦੇ ਹਾਂ। ਇਹ ਉਦੇਸ਼ ਸਾਡੀ ਸਮੇਂ ਅਤੇ ਸ਼ਕਤੀ ਦੀ ਫਜ਼ੂਲ ਖਰਚੀ ਨੂੰ ਰੋਕਣ ਵਿਚ ਵੀ ਮਦਦ ਕਰਦੇ ਹਨ। ਸਿੱਖਿਆ ਦੇ ਉਦੇਸ਼ ਸਾਨੂੰ ਆਪਣੇ ਕੀਤੇ ਯਤਨਾਂ ਦੇ ਸਿੱਟਿਆਂ ਦਾ ਅਨੁਮਾਨ-ਲਾਉਣ ਵਿਚ ਵੀ ਸਹਾਇਤਾ ਕਰਦੇ ਹਨ। ਇਸ ਤੋਂ ਇਲਾਵਾ ਉਦੇਸ਼ ਸਿੱਖਿਆ ਦੇ ਵਿਸ਼ੇ ਵਸਤੂ ਦੀ ਚੋਣ ਕਰਨ, ਅਧਿਆਪਕਾਂ, ਪਾਠਕ੍ਰਮ, ਸਿਖਾਉਣ ਦੀਆਂ ਵਿਧੀਆ ਦੀ ਚੋਣ ਕਰਨ, ਵਿਸ਼ੇ ਸੰਬੰਧੀ ਤੇ ਪਾਠਾਂਤਰ ਕਿਰਿਆਵਾਂ ਦੀ ਯੋਜਨਾ ਬਣਾਉਣ ਵਿਚ ਵੀ ਸਹਾਇਤਾ ਕਰਦੇ ਹਨ।

### 1.3.3 ਸਿੱਖਿਆ ਦੇ ਉਦੇਸ਼ ਅਤੇ ਕਿਸਮਾਂ :

ਸਮੇਂ ਦੇ ਨਾਲ-ਨਾਲ ਸਿੱਖਿਆ ਦੇ ਉਦੇਸ਼ ਵੀ ਬਦਲਦੇ ਰਹਿੰਦੇ ਹਨ। ਲੋਕਰਾਜ ਵਿਚ ਤਾਂ ਇਹ ਉਦੇਸ਼ ਕਦੀ ਵੀ ਨਹੀਂ ਹੋ ਸਕਦੇ ਕਿਉਂਕਿ ਇਹ ਲੋਕਾਂ ਦੀਆਂ ਬਦਲਦੀਆਂ ਭਾਵਨਾਵਾਂ ਅਤੇ ਸਮਾਜ ਦੀਆਂ ਲੋੜਾਂ ਅਨੁਸਾਰ ਬਦਲਦੇ ਰਹਿੰਦੇ ਹਨ। ਹੇਠ ਲਿਖੇ ਉਦੇਸ਼ਾਂ ਨੂੰ ਹੁਣ ਤੱਕ ਦੇ ਮੁੱਖ ਉਦੇਸ਼ ਮੰਨਿਆ ਗਿਆ ਹੈ।

**(i) ਸਿੱਖਿਆ ਦਾ ਗਿਆਨ ਸੰਬੰਧੀ ਉਦੇਸ਼ (Knowledge Aim of Education) :**

ਸਿੱਖਿਆ ਦਾ ਇਹ ਉਦੇਸ਼ ਪੁਰਾਣੇ ਦਾਰਸ਼ਨਿਕਾਂ ਦੇ ਸਮੇਂ ਤੋਂ ਚੱਲਿਆ ਆਉਂਦਾ ਹੈ ਅਤੇ ਇਸ ਨੇ ਪੱਛਮੀ ਸਿੱਖਿਆ ਪ੍ਰਣਾਲੀ ਤੇ ਬਹੁਤ ਪ੍ਰਭਾਵ ਪਾਇਆ ਹੈ। ਗਿਆਨ ਦੀ ਪ੍ਰਾਪਤੀ ਰਾਹੀਂ ਹਰ ਕਿਸਮ ਦੀ ਮਾਨਵਤਾ ਸੁਚੱਜੀ ਵਿਕਸਿਤ ਕੀਤੀ ਜਾ ਸਕਦੀ ਹੈ। ਆਪਣੀਆਂ ਇੱਛਾਵਾਂ ਨੂੰ ਸੰਤੁਸ਼ਟ ਕਰਨ ਲਈ ਮਨੁੱਖ ਕੁਦਰਤੀ ਸ਼ਕਤੀਆਂ ਤੇ ਨਿਯਮਾਂ ਦੀ ਵਰਤੋਂ ਇਸ ਲਈ ਕਰ ਸਕਿਆ ਹੈ ਕਿਉਂਕਿ ਉਸਨੂੰ ਇਹਨਾਂ ਪ੍ਰਕਿਰਤਕ ਸ਼ਕਤੀਆਂ ਅਤੇ ਨਿਯਮਾਂ ਦਾ ਗਿਆਨ ਹੈ। ਵਿਅਕਤੀ ਦੀ ਸਿੱਖਿਆ ਵਿਚ ਵਾਤਾਵਰਣ ਦਾ ਮਹੱਤਵਪੂਰਨ ਸਥਾਨ ਹੈ। ਕੁਝ ਕੁ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲਣਾ ਪੈਂਦਾ ਹੈ ਅਤੇ ਕੁਝ ਕੁ ਵਾਤਾਵਰਣ ਨੂੰ ਆਪਣੇ ਅਨੁਸਾਰ ਢਾਲਦੇ ਹਨ, ਠੀਕ ਅਨੁਕੂਲਤਾ ਉਦੋਂ ਹੀ ਸੰਭਵ ਹੋ ਸਕਦੀ ਹੈ ਜਦੋਂ ਮਨੁੱਖ ਨੂੰ ਆਪਣੇ ਵਾਤਾਵਰਣ ਦਾ ਗਿਆਨ ਹੋਵੇ। ਸਿੱਖਿਆ ਸਮਾਜਿਕ ਪ੍ਰੰਪਰਾ ਦੇ ਗਿਆਨ ਨੂੰ ਸੁਰੱਖਿਅਤ ਰੱਖਦੀ ਹੈ ਅਤੇ ਉਸਦਾ ਪ੍ਰਸਾਰ ਕਰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਦੇ ਸਰਬ-ਉੱਚ ਵਿਕਾਸ ਲਈ ਗਿਆਨ ਪ੍ਰਾਪਤੀ ਦੀ ਲੋੜ ਹੁੰਦੀ ਹੈ ਪ੍ਰੰਤੂ ਕੇਵਲ ਗਿਆਨ ਪ੍ਰਾਪਤੀ ਨਾਲ ਹੀ ਉਸ ਦਾ ਵਿਕਾਸ ਨਹੀਂ ਹੋ ਜਾਂਦਾ ਸਗੋਂ ਪ੍ਰਾਪਤ ਕੀਤੇ ਗਿਆਨ ਦੀ ਵਰਤੋਂ ਸੂਝ ਬੂਝ ਰਾਹੀਂ ਕਰਨ ਨਾਲ ਹੀ ਵਿਅਕਤੀ ਸਾਧਾਰਣ ਜੀਵਨ ਵਿਚ ਵਾਪਰ ਰਹੀਆਂ ਸਮੱਸਿਆਵਾਂ

ਤੇ ਕਾਬੂ ਪਾ ਸਕਦਾ ਹੈ। ਪ੍ਰੋ. ਵਾਈਟ ਹੈਡ ਅਨੁਸਾਰ, "ਕੇਵਲ ਗਿਆਨ ਪ੍ਰਾਪਤੀ ਵਾਲਾ ਮਨੁੱਖ ਧਰਤੀ ਤੇ ਵਾਧੂ ਭਾਰੂ ਹੈ। ਇਸ ਗਿਆਨ ਪ੍ਰਾਪਤੀ ਦੇ ਨਾਲ ਨਾਲ ਗਿਆਨ ਦੀ ਸੁਚੱਜੀ ਵਰਤੋਂ ਵਧੇਰੇ ਮਹੱਤਵਪੂਰਣ ਹੈ। ਗਾਂਧੀ ਜੀ ਅਨੁਸਾਰ, "ਮਨੁੱਖ ਨਾ ਤਾਂ ਕੇਵਲ ਬੁੱਧੀ ਹੈ, ਨਾ ਸਰੀਰ ਤੇ ਨਾ ਹੀ ਆਤਮਾ। ਸਿੱਖਿਆ ਸੰਪੂਰਨ ਤੇ ਸਾਰਥਕ ਬਣਾਉਣ ਲਈ ਇਹਨਾਂ ਤਿੰਨਾਂ ਦਾ ਸਮੁੱਚਾ ਤੇ ਮਿਲਵਾਂ ਸਹਿਯੋਗ ਜ਼ਰੂਰੀ ਹੈ।

ਕਾਫ਼ੀ ਸਮੇਂ ਤੋਂ ਸਿੱਖਿਆ ਦਾ ਉਦੇਸ਼ ਕੇਵਲ ਗਿਆਨ ਪ੍ਰਾਪਤੀ ਹੀ ਚਲਿਆ ਆਉਂਦਾ ਸੀ। ਭਾਰਤ ਵਿਚ ਅੱਜ ਵੀ ਸਿੱਖਿਆ ਕੇਵਲ ਗਿਆਨ ਪ੍ਰਾਪਤੀ ਹੀ ਕਹਾਉਂਦੀ ਹੈ। ਪਰ ਅਸਲ ਵਿਚ ਗਿਆਨ ਪ੍ਰਾਪਤੀ ਹੀ ਜੀਵਨ ਦਾ ਉਦੇਸ਼ ਨਹੀਂ, ਇਹ ਤਾਂ ਇਕ ਹਿੱਸਾ ਹੋ ਸਕਦੀ ਹੈ। ਕੇਵਲ ਗਿਆਨ ਪ੍ਰਾਪਤੀ ਹੀ ਸਿੱਖਿਆ ਦਾ ਅੰਤਿਮ ਉਦੇਸ਼ ਨਹੀਂ ਬਣ ਸਕਦੀ ਸਗੋਂ ਗਿਆਨ ਦੀ ਵਰਤੋਂ ਕਰਨ ਦੀ ਜਾਂਚ ਸਿਖਾਉਣਾ ਹੀ ਸਿੱਖਿਆ ਦਾ ਉਦੇਸ਼ ਹੈ।

### (ii) ਸਿੱਖਿਆ ਦਾ ਰੁਜ਼ਗਾਰ ਸੰਬੰਧੀ ਉਦੇਸ਼ (Vocational Aim of Education) :

ਪ੍ਰਸਿੱਧ ਸਿੱਖਿਆ ਵਿਗਿਆਨੀ ਫਰੋਇਬਲ, ਪੈਸਟਾਲੋਜੀ, ਡਿਊਈ, ਰੂਸੋ ਅਤੇ ਮਹਾਤਮਾ ਗਾਂਧੀ ਨੇ ਵੀ ਵਿਵਸਾਇਕ ਸਿੱਖਿਆ ਉੱਪਰ ਜ਼ੋਰ ਦਿੱਤਾ ਹੈ। ਬੇਕਨ ਦਾ ਕਥਨ ਹੈ ਕਿ ਉਹ ਵੀ ਕੋਈ ਸਿੱਖਿਆ ਹੈ ਜੋ ਰੋਟੀ ਨਹੀਂ ਦੇ ਸਕਦੀ। ਇਸ ਲਈ ਸਿੱਖਿਆ ਦਾ ਉਪਯੋਗੀ ਉਦੇਸ਼ ਹੋਣਾ ਚਾਹੀਦਾ ਹੈ ਜੋ ਵਿਦਿਆਰਥੀ ਨੂੰ ਉਸਦੀ ਰੋਜ਼ੀ ਰੋਟੀ ਕਮਾਉਣ ਦੇ ਕਾਬਲ ਕਰੇ।

ਪੁਰਾਣੇ ਸਮੇਂ ਵਿਚ ਸਮਾਜਿਕ ਜੀਵਨ ਬਹੁਤ ਸਰਲ ਤੇ ਸਾਦਾ ਸੀ। ਪੁੱਤਰ ਆਮ ਤੌਰ ਤੇ ਆਪਣੇ ਪਿਤਾ ਵਾਲਾ ਪੇਸ਼ਾ ਹੀ ਅਪਣਾਉਂਦਾ ਸੀ। ਪਰੰਤੂ ਆਧੁਨਿਕ ਸਮਾਜ ਦੀ ਸਥਿਤੀ ਬਹੁਤ ਹੀ ਗੁੰਝਲਦਾਰ ਹੈ। ਇਸ ਵਿਚ ਕਈ ਪ੍ਰਕਾਰ ਦੇ ਵਿਸ਼ੇਸ਼ ਰੁਜ਼ਗਾਰ ਪ੍ਰਚਲਿਤ ਹੋ ਗਏ ਹਨ। ਇਸ ਲਈ ਸਿੱਖਿਆ ਦਾ ਉਦੇਸ਼ ਹਰ ਵਿਅਕਤੀ ਨੂੰ ਰੋਜ਼ੀ ਕਮਾਉਣ ਦੇ ਲਾਇਕ ਬਣਾਉਣਾ ਹੈ। ਵਿਵਹਾਰਿਕ ਉਪਯੋਗਤਾ ਤੋਂ ਬਿਨਾਂ ਸਿੱਖਿਆ ਕੇਵਲ ਅਸੰਤੁਲਿਤ ਵਿਅਕਤੀਆਂ ਦਾ ਹੀ ਨਿਰਮਾਣ ਕਰ ਸਕਦੀ ਹੈ। ਆਪਣੀ ਰੋਟੀ ਆਪ ਕਮਾਉਣਾ ਮਨੁੱਖੀ ਜੀਵਨ ਦਾ ਇਕ ਜ਼ਰੂਰੀ ਕਰਤੱਵ ਹੈ। ਇਸ ਲਈ ਜੇ ਅਸੀਂ ਸਿੱਖਿਆ ਜੀਵਨ ਲਈ ਦੇਣੀ ਹੈ ਇਸ ਉਦੇਸ਼ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਜਾਨ ਡਿਊਈ ਦਾ ਕਥਨ ਹੈ ਕਿ, ਇਹ ਪਤਾ ਕਰਨਾ ਕਿ ਕੋਈ ਵਿਅਕਤੀ ਕਿਹੜਾ ਕੰਮ ਕਰਨ ਦੇ ਸਭ ਤੋਂ ਵੱਧ ਯੋਗ ਹੈ ਅਤੇ ਉਸਨੂੰ ਉਸ ਕੰਮ ਕਰਨ ਦਾ ਮੌਕਾ ਦੇਣਾ ਹੀ ਪ੍ਰਸੰਨਤਾ ਦੀ ਕੁੰਜੀ ਹੈ।

ਕਿੱਤਾ ਸਿੱਖਿਆ ਸਾਨੂੰ ਆਰਥਿਕ ਤੌਰ ਤੇ ਸਵੈ-ਨਿਰਭਰ ਬਣਾਉਂਦੀ ਹੈ ਜੋ ਆਪਣੇ ਆਪ ਵਿਚ ਸੰਤੋਸ਼, ਆਤਮ ਵਿਸ਼ਵਾਸ, ਮਾਨਸਿਕ ਸੁਤੰਤਰਤਾ ਅਤੇ ਨੈਤਿਕ ਸ਼ਕਤੀ ਦਾ ਇਕ ਸਾਧਨ ਹੈ। ਦੂਸਰੀ ਗੱਲ ਇਹ ਹੈ ਕਿ ਪੇਸ਼ੇ ਸੰਬੰਧੀ ਬੱਚੇ ਨੂੰ ਨਿਸ਼ਕ੍ਰਿਆ ਤੇ ਲਾਪਰਵਾਹ ਹੋਣ ਤੋਂ ਬਚਾਉਂਦੀ ਹੈ। ਤੀਸਰੀ ਗੱਲ ਇਹ ਹੈ ਕਿ ਕਿਰਤ ਦਾ ਗਿਆਨ ਦੇਣ ਵਾਲੀ ਸਿੱਖਿਆ ਬੱਚਿਆਂ ਲਈ ਉਪਯੋਗੀ ਹੈ ਜਿਹੜੇ ਵਧੇਰੇ ਬੁੱਧੀਮਾਨ ਨਹੀਂ ਹੁੰਦੇ। ਅਜਿਹੇ ਘੱਟ ਬੁੱਧੀ ਵਾਲੇ ਬੱਚਿਆਂ ਨੂੰ ਤੇਜ਼ ਬੁੱਧੀ ਵਾਲੇ ਉਨ੍ਹਾਂ ਬੱਚਿਆਂ ਨਾਲ ਇਕੱਠਿਆਂ ਬਿਠਾ ਕੇ ਸਿੱਖਿਆ ਦਿੱਤੀ ਜਾਂਦੀ ਹੈ ਜਿਸ ਤੋਂ ਉਹ ਬਹੁਤਾ ਲਾਭ ਨਹੀਂ ਉਠਾ ਸਕਦੇ। ਅਜਿਹੇ ਘੱਟ ਬੁੱਧੀ ਵਾਲੇ ਬੱਚਿਆਂ ਨੂੰ ਸਮਾਜ ਵਿਚ ਯੋਗ ਸਥਾਨ ਦਿਵਾਉਣ ਲਈ ਕਿਸੇ ਖਾਸ ਸ਼ਿਲਪਕਲਾ ਦੀ ਸਿਖਲਾਈ ਦੇਣੀ ਅਤਿਅੰਤ ਜ਼ਰੂਰੀ ਹੈ।

ਗਾਂਧੀ ਜੀ ਨੇ ਸਿੱਖਿਆ ਦੇ ਵਿਵਸਾਇਕ ਉਦੇਸ਼ ਤੇ ਬਹੁਤ ਜ਼ੋਰ ਦਿੱਤਾ ਹੈ। ਉਹ ਮੁੱਢ ਤੋਂ ਇਕ ਕਰਾਫ਼ਟ ਰਾਹੀਂ ਸਿੱਖਿਆ ਦੇਣ ਦੇ ਹੱਕ ਵਿਚ ਸਨ ਤਾਂ ਜੋ ਬੱਚਾ ਵੱਡਾ ਹੋ ਕੇ ਕਿੱਤੇ ਸੰਬੰਧੀ ਸਿੱਖਿਆ ਵਿਚ ਨਿਪੁੰਨ ਹੋ ਜਾਵੇ ਅਤੇ ਉਹ ਆਪਣੀ ਰੋਜ਼ੀ ਕਮਾਉਣ ਦੇ ਯੋਗ ਹੋ ਜਾਵੇ। ਗਾਂਧੀ ਜੀ ਅਨੁਸਾਰ ਸੱਚੀ ਸਿੱਖਿਆ ਬੇਰੋਜ਼ਗਾਰੀ ਦੇ ਵਿਰੁੱਧ ਬੀਮਾ ਹੋਣੀ ਚਾਹੀਦੀ ਹੈ। ਭਾਰਤੀ ਸਿੱਖਿਆ ਕਮਿਸ਼ਨ (1964-66) ਨੇ ਸੁਝਾਅ ਦਿੱਤਾ ਸੀ ਕਿ ਕਾਰਜ ਅਨੁਭਵ-ਸਮੁੱਚੀ ਸਿੱਖਿਆ ਦਾ ਆਧਾਰ ਹੋਣਾ ਚਾਹੀਦਾ ਹੈ। ਕਮਿਸ਼ਨ ਨੇ ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਵੀ ਜ਼ੋਰ ਦਿੱਤਾ ਹੈ।

ਇਸ ਉਦੇਸ਼ ਦੇ ਆਲੋਚਕਾਂ ਦਾ ਵਿਚਾਰ ਹੈ ਕਿ ਸਿੱਖਿਆ ਦੇ ਉਦੇਸ਼ ਦੀ ਕਲਪਨਾ ਇਕ ਤੰਗ ਨਜ਼ਰਿਆ ਹੈ ਕਿਉਂਕਿ ਰੋਟੀ ਕਮਾਉਣਾ ਜੀਵਨ ਦਾ ਇਕ ਭਾਗ ਹੈ ਸਾਰਾ ਜੀਵਨ ਨਹੀਂ। ਸਿੱਖਿਆ ਦੇ ਇਸ ਪੱਖ ਨੂੰ ਲੈ ਕੇ ਸਾਰੀ ਸਿੱਖਿਆ ਨੂੰ ਸੁਆਰਥੀ ਨਹੀਂ ਬਣਾਇਆ ਜਾ ਸਕਦਾ। ਜੀਵਨ ਦੇ ਹੋਰ ਵੀ ਕਈ ਪੱਖ ਹਨ ਜਿਵੇਂ ਕਿ ਬੌਧਿਕ ਤੇ ਮਾਨਸਿਕ ਵਿਕਾਸ ਆਦਿ। ਇਸ ਲਈ ਸਿੱਖਿਆ ਨੂੰ ਕੇਵਲ ਕਿੱਤੇ ਦੀ ਸਿੱਖਿਆ ਦਾ ਸਾਧਨ ਬਣਾਉਣਾ ਇਕ ਹਾਸੋਹੀਣੀ ਗੱਲ ਹੋਵੇਗੀ। ਵਿਵਸਾਇਕ ਸਿੱਖਿਆ ਕਿਸੇ ਮਨੁੱਖ ਨੂੰ ਅਜੋਕੀਆਂ ਬਦਲ ਰਹੀਆਂ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਬਣਾ ਸਕਦੀ। ਇਸ ਲਈ ਇਹ ਜ਼ਰੂਰੀ ਹੈ ਕਿ ਗਿਆਨ ਲਈ ਸਿੱਖਿਆ ਅਤੇ ਪੇਸ਼ੇ ਲਈ ਸਿੱਖਿਆ ਵਿਚਕਾਰ ਕੋਈ ਖਾਸ ਫਰਕ ਨਾ ਸਮਝਿਆ ਜਾਵੇ। ਇਹਨਾਂ ਦੋਹਾਂ ਕਿਸਮਾਂ ਦੀ ਸਿੱਖਿਆ ਵਿਚਾਲੇ ਸੁਮੇਲ ਤੇ ਸਾਂਝ ਪੈਦਾ ਕਰਨਾ ਹੀ ਸਮੱਸਿਆ ਦਾ ਵਧੀਆ ਹਲ ਹੈ। ਪਾਠਕ੍ਰਮ ਵਿਚ ਸਾਧਾਰਨ, ਸੰਸਕ੍ਰਿਤਕ ਅਤੇ ਪੇਸ਼ੇ ਸੰਬੰਧੀ ਵਿਸ਼ਿਆਂ ਦਾ ਬਹੁਤ ਵਿਸ਼ਾਲ ਸੁਮੇਲ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੀਆਂ ਰੁਚੀਆਂ, ਪਸੰਦਾਂ ਤੇ ਯੋਗਤਾਵਾਂ ਅਨੁਸਾਰ ਪੇਸ਼ਾਵਾਰਨਾ ਤੇ ਸਿੱਖਿਆਤਮਕ ਸਲਾਹ ਤੇ ਅਗਵਾਈ ਪ੍ਰਣਾਲੀ ਅਧੀਨ ਵਿਸ਼ਿਆਂ ਦੀ ਚੋਣ ਕਰਨ ਬਾਰੇ ਅਗਵਾਈ ਪ੍ਰਣਾਲੀ ਅਧੀਨ ਵਿਸ਼ਿਆਂ ਦੀ ਚੋਣ ਕਰਨ ਬਾਰੇ ਅਗਵਾਈ ਮਿਲਣੀ ਚਾਹੀਦੀ ਹੈ। ਉਹਨਾਂ ਨੂੰ ਆਪਣੀਆਂ ਯੋਗਤਾਵਾਂ ਨੂੰ ਵੱਧ ਤੋਂ ਵੱਧ ਵਿਕਸਿਤ ਕਰਨ ਲਈ ਉਚਿਤ ਸਿਖਲਾਈ ਮਿਲਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਹੀ ਇਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਸ ਵਿਚ ਹਰ ਵਿਅਕਤੀ ਅਜਿਹਾ ਪੇਸ਼ਾ ਅਪਣਾਏਗਾ ਜਿਸ ਦੇ ਕਿ ਉਹ ਯੋਗ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਦੂਸਰੇ ਸਾਥੀਆਂ ਦੇ ਜੀਵਨ ਨੂੰ ਵਧੇਰੇ ਭਰਪੂਰ, ਅਮੀਰ ਤੇ ਸੁਖਦਾਇਕ ਬਣਾ ਸਕੇਗਾ।

**(iii) ਸਿੱਖਿਆ ਦਾ ਸਭਿਆਚਾਰਕ ਉਦੇਸ਼ (Cultural Aim of Education) :**

ਸਭਿਆਚਾਰ ਸਦੀਆਂ ਵਿਚ ਬਣਦੀ ਹੈ ਅਤੇ ਇਨਸਾਨ ਦਾ ਇਹ ਇੱਕ ਅਨਮੋਲ ਖਜ਼ਾਨਾ ਹੁੰਦਾ ਹੈ। ਇਸ ਵਿਰਸੇ ਨੂੰ ਸੰਭਾਲ ਕੇ ਰੱਖਣਾ ਇਨਸਾਨ ਦਾ ਇੱਕ ਕਰਤੱਵ ਹੁੰਦਾ ਹੈ। ਸਿੱਖਿਆ ਦਾ ਕਰਤੱਵ ਹੁੰਦਾ ਹੈ ਕਿ ਉਹ ਇਨਸਾਨ ਨੂੰ ਇਸ ਪ੍ਰਕਾਰ ਸਿੱਖਿਅਤ ਕਰੇ ਕਿ ਉਹ ਸਭਿਆਚਾਰ ਕੀਮਤਾਂ ਨੂੰ ਅਪਨਾਉਣ ਦੇ ਨਾਲ ਨਾਲ ਇਸ ਖਜ਼ਾਨੇ ਵਿੱਚ ਯੋਗਦਾਨ ਵੀ ਪਾਵੇ।

ਸਭਿਆਚਾਰਕ ਦਾ ਅਰਥ ਹੈ ਸੁਧਰਿਆ ਹੋਇਆ, ਸ਼ੁੱਧ ਅਤੇ ਵਿਕਸਿਤ ਪਦਾਰਥ। ਇਸ ਲਈ ਸਿੱਖਿਆ ਦਾ ਸਭਿਆਚਾਰਕ ਉਦੇਸ਼ ਮਨੁੱਖ ਨੂੰ ਅਜਿਹਾ ਗਿਆਨ ਪ੍ਰਦਾਨ ਕਰਨਾ ਹੈ ਜਿਸ ਨਾਲ ਉਸ ਦੇ ਜੀਵਨ ਵਿਚ ਸੁੰਦਰਤਾ ਅਤੇ ਸੁਹਜ ਦਾ ਪ੍ਰਕਾਸ਼ ਹੋਵੇ। ਮਹਾਤਮਾ ਗਾਂਧੀ ਨੇ ਅੱਖਰ ਗਿਆਨ ਦੇ ਮੁਕਾਬਲੇ ਵਿਚ ਸਿੱਖਿਆ ਦੇ ਸਭਿਆਚਾਰਕ ਪੱਖ ਨੂੰ ਵਧੇਰੇ ਮਹੱਤਤਾ ਦਿੱਤੀ ਹੈ। ਉਨ੍ਹਾਂ ਅਨੁਸਾਰ, ਸਭਿਆਚਾਰ ਜੜ੍ਹ ਹੈ

ਇਸ ਦਾ ਪ੍ਰਗਟਾਅ ਤੁਹਾਡੇ ਚਰਿੱਤਰ ਅਤੇ ਵਿਵਹਾਰ ਤੋਂ ਹੁੰਦਾ ਹੈ ਜਿਵੇਂ ਕਿ ਤੁਸੀਂ ਕਿਵੇਂ ਬੈਠਦੇ ਹੋ, ਕਿਵੇਂ ਪਹਿਨਦੇ ਹੋ ਤੇ ਕਿਵੇਂ ਵਿਚਰਦੇ ਹੋ। ਤੁਹਾਡਾ ਅੰਦਰਲਾ ਸਭਿਆਚਾਰ ਤੁਹਾਡੀ ਗੱਲਬਾਤ ਹੈ। ਤੁਸੀਂ ਮਹਿਮਾਨਾਂ ਨਾਲ ਕਿਸ ਤਰ੍ਹਾਂ ਵਰਤਾਅ ਕਰਦੇ ਹੋ ਅਤੇ ਆਪਣੇ ਅਧਿਆਪਕ ਤੇ ਵੱਡਿਆਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਦੇ ਹੋ। ਚੰਗੀ ਤੇ ਸਹੀ ਕਿਸਮ ਦੀ ਸਿੱਖਿਆ ਇਸ ਗੱਲ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਂਦੀ ਕਿ ਕਿਸੇ ਸਮਾਜ ਦੇ ਪ੍ਰਾਣੀ ਕੇਵਲ ਪ੍ਰਚਲਿਤ ਢੰਗਾਂ ਤੇ ਰਸਮਾਂ ਰਿਵਾਜਾਂ ਨੂੰ ਹੀ ਅਪਨਾਉਣ ਤੇ ਸੰਭਾਲਣ। ਇਸ ਦੇ ਉਲਟ ਇਸ ਦੀ ਤਸੱਲੀ ਤਾਂ ਹੁੰਦੀ ਹੈ ਜੇ ਸਮਾਜ ਵਿਚਲੇ ਪ੍ਰਾਣੀ ਵਿਚਾਰ ਤੇ ਕਾਰਜ ਦੀਆਂ ਚੰਗੀਆਂ ਆਦਤਾਂ ਅਪਨਾਉਣ ਅਤੇ ਭਵਿੱਖ ਵਿਚ ਇਕ ਅਜਿਹੇ ਸਮਾਜ ਦੀ ਸਥਾਪਨਾ ਕਰਨ ਜੋ ਵਰਤਮਾਨ ਸਮਾਜ ਨਾਲੋਂ ਵਧੇਰੇ ਚੰਗਾ ਤੇ ਉਨੱਤ ਹੋਵੇ।

ਸ਼ਾਂਤੀ, ਆਰਥਿਕ ਵਿਕਾਸ ਤੇ ਸਮਾਜਿਕ ਏਕਤਾ ਸਮੇਂ ਹੀ ਸਿੱਖਿਆ ਦਾ ਸੰਸਕ੍ਰਿਤਕ ਉਦੇਸ਼ ਲਾਭਦਾਇਕ ਸਿੱਧ ਹੋ ਸਕਦਾ ਹੈ ਪ੍ਰੰਤੂ ਜਦੋਂ ਸਮਾਜ ਵਿਚ ਕਿਸੇ ਵੀ ਪ੍ਰਕਾਰ ਦੀ ਅਸਥਿਰਤਾ ਹੋਵੇ ਉਸ ਸਮੇਂ ਸੰਸਕ੍ਰਿਤੀ ਨੂੰ ਸਿੱਖਿਆ ਦਾ ਉਦੇਸ਼ ਬਣਾ ਲੈਣਾ ਹਾਨੀਕਾਰਕ ਸਿੱਧ ਹੁੰਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਦੇਸ਼ਾਂ ਦੀਆਂ ਆਪਣੀਆਂ ਆਪਣੀਆਂ ਸੰਸਕ੍ਰਿਤੀਆਂ ਪ੍ਰੰਪਰਾਵਾਂ ਤੋਂ ਸ੍ਰੇਸ਼ਟ ਮੰਨਦੀ ਹੈ। ਇਸ ਲਈ ਸਿੱਖਿਆ ਇਨ੍ਹਾਂ ਵਿਚੋਂ ਕਿਸ ਨੂੰ ਆਪਣਾ ਉਦੇਸ਼ ਬਣਾਏ, ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਸੰਸਕ੍ਰਿਤਕ ਸਿੱਖਿਆ ਸਮਾਜ ਦੇ ਉੱਚ ਵਰਗ ਤੇ ਨਿਮਨ ਵਰਗ ਵਿਚ ਭੇਦ ਭਾਵਾਂ ਦੇ ਵਿਕਾਸ ਦਾ ਵੀ ਕਾਰਨ ਬਣਦੀ ਹੈ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਜੇ ਸਿੱਖਿਆ ਸਭਿਆ ਮਨੁੱਖ ਪੈਦਾ ਕਰਨ ਵਿਚ ਸਫਲ ਹੋ ਜਾਂਦੀ ਹੈ ਤਾਂ ਸਮਝੋ ਸਿੱਖਿਆ ਨੇ ਆਪਣਾ ਉਦੇਸ਼ ਪ੍ਰਾਪਤ ਕਰ ਲਿਆ। ਹਰ ਸਮਾਜ ਦਾ ਅਲੱਗ ਸੱਭਿਆਚਾਰ ਹੁੰਦਾ ਹੈ। ਸਿੱਖਿਆ, ਸੱਭਿਆਚਾਰ ਨੂੰ ਸੰਭਾਲ ਕੇ ਰੱਖਦੀ ਹੈ। ਅਸੀਂ ਆਪਣੀ ਸੱਭਿਅਤਾ ਨੂੰ ਹੋਰ ਅਮੀਰ ਕਰਨ ਲਈ ਕਈ ਚੰਗੀਆਂ ਚੀਜ਼ਾਂ ਰਾਖਵੀਆਂ ਰੱਖਦੇ ਹਾਂ ਅਤੇ ਉਹਨਾਂ ਨੂੰ ਹੋਰ ਸੁਧਾਰਦੇ ਹਾਂ। ਜ਼ਿੰਦਗੀ ਦਾ ਸੱਭਿਅਕ ਪੱਖ ਵੀ, ਆਪਣੇ ਹਿਸਾਬ ਨਾਲ, ਮਹੱਤਤਾ ਵਾਲੀ ਹੈ। ਇਸ ਦੇ ਵਿਸ਼ਾਲ ਅਰਥਾਂ ਵਿੱਚ ਚੰਗੀਆਂ ਆਦਤਾਂ ਤੇ ਸਭ ਵਿਚਾਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਯਕੀਨਨ ਜ਼ਿੰਦਗੀ ਨੂੰ ਹੋਰ ਚੰਗਾ ਬਣਾਉਣ ਲਈ ਸੱਭਿਅਤਾ ਸਿੱਖਿਆ ਦਾ ਟੀਚਾ ਹੈ।

ਹੁਮਾਯੂੰ ਕਬੀਰ ਨੇ ਸੱਭਿਅਤਾ ਦੀ ਮਹੱਤਤਾ ਇਹਨਾਂ ਸ਼ਬਦਾਂ ’ਚ ਦਰਸਾਈ ਹੈ, "ਕੌਮ ਨੂੰ ਜਿਉਂਦਿਆਂ ਰੱਖਣ ਲਈ ਸੱਭਿਅਤਾ ਅਤੇ ਰਿਵਾਜਾਂ ਦਾ ਜਾਰੀ ਰੱਖਣਾ ਜ਼ਰੂਰੀ ਸ਼ਰਤ ਹੈ। ਐਲਵੁਡ, "ਅਜੋਕੀ ਤਹਿਜ਼ੀਬ, ਔਜਾਰ, ਹਥਿਆਰ ਦਸਤਕਾਰੀ ਅਤੇ ਹੋਰ ਸੰਸਾਰਿਕ ਵਸਤੂਆਂ ਇਕ ਪਾਸੇ ਸੱਭਿਅਤਾ ’ਚ ਸ਼ਾਮਲ ਹਨ ਅਤੇ ਦੂਜੇ ਪਾਸੇ ਸਾਰੀ ਗੈਰ-ਸੰਸਾਰਿਕ (ਅਪਦਾਰਥਾਵਾਦੀ) ਵਸਤੂਆਂ ਜਾਂ ਅਧਿਆਤਮਿਕ ਤਹਿਜ਼ੀਬ ਜਿਵੇਂ ਭਾਸ਼ਾ, ਸਾਹਿਤ, ਆਰਟ, ਧਰਮ ਕਾਇਦੇ-ਕਾਨੂੰਨ ਅਤੇ ਸਰਕਾਰ।"

### (iv) ਚਰਿੱਤਰ ਨਿਰਮਾਣ (Character Building) :

ਵਿਦਿਆਰਥੀਆਂ ਦੇ ਚਰਿੱਤਰ ਦਾ ਨਿਰਮਾਣ ਕਰਨਾ ਸਿੱਖਿਆ ਦਾ ਤੀਜਾ ਉਦੇਸ਼ ਰੱਖਿਆ ਗਿਆ ਤਾਂ ਜੋ ਉਹ ਚੰਗੇ ਨਾਗਰਿਕ ਬਣ ਸਕਣ। ਲੋਕ ਰਾਜ ਵਿਚ ਨਾਗਰਿਕ ਦੀ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇਸ ਜ਼ਿੰਮੇਵਾਰੀ ਦੇ ਯੋਗ ਬਣਾਉਣ ਲਈ ਨਾਗਰਿਕਾਂ ਵਿਚ ਸੁਤੰਤਰ ਵਿਚਾਰਧਾਰਾ ਦਾ ਵਿਕਾਸ ਹੋਣਾ ਬਹੁਤ ਜ਼ਰੂਰੀ

ਹੈ। ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਆਪਣੀ ਸੰਸਕ੍ਰਿਤੀ ਨੂੰ ਵਡਿਆਉਣ। ਇਸ ਲਈ ਕਲਾ, ਕਰਾਫ਼ਟ, ਸੰਗੀਤ, ਨਾਚ ਆਦਿ ਰੁਚੀਆਂ ਨੂੰ ਪਾਠਕ੍ਰਮ ਵਿਚ ਯੋਗ ਸਥਾਨ ਦੇਣਾ ਚਾਹੀਦਾ ਹੈ।

**ਚਰਿੱਤਰ ਬਣਾਉਣ ਦੇ ਉਦੇਸ਼**

ਚਰਿੱਤਰ ਇੱਕ ਮਨੁੱਖ ਨੂੰ ਪ੍ਰਭਾਸ਼ਿਤ ਕਰਦਾ ਹੈ। ਸਿੱਖਿਆ, ਅੰਦਰੂਨੀ ਸੰਮਤਾ ਅਤੇ ਸਮੱਰਥਾ ਨੂੰ ਉਤੇਜਤ ਕਰਦੀ ਹੈ। ਚੰਗੇ ਚਰਿੱਤਰ ਬਿਨਾਂ ਆਦਮੀ ਦੀ ਸ਼ਖ਼ਸੀਅਤ ਕੁਝ ਵੀ ਨਹੀਂ। ਇਹ ਸਰੀਰ ਦੀ ਆਤਮਾ ਵਾਂਗ ਹੈ। ਚਰਿੱਤਰ ਲਈ ਸਿੱਖਿਆ ਬਹੁਤ ਮਹੱਤਵਪੂਰਨ ਹੈ। ਇਹ ਆਦਮੀ ਨੂੰ ਭਰੋਸਾ ਅਤੇ ਹੌਸਲਾ ਦਿੰਦੀ ਹੈ। ਚਰਿੱਤਰ ਵਾਲਾ ਆਦਮੀ ਹੀ ਆਪਣੇ ਕਹੇ ਤੇ ਪੂਰਾ ਉਤਰਣ ਵਾਲਾ ਹੁੰਦਾ ਹੈ, ਸੱਚਾ ਦੇਸ਼ ਵਾਸੀ, ਨਾਗਰਿਕ ਅਤੇ ਇਹਨਾਂ ਤੋਂ ਉਪਰ, ਇੱਕ ਸੱਚਾ ਇਨਸਾਨ ਹੁੰਦਾ ਹੈ। ਭਾਰਤ ਨੂੰ ਅੱਜਕਲ ਸੱਚੇ ਤੇ ਸੁੱਚੇ ਚਰਿੱਤਰ ਵਾਲੇ ਆਦਮੀਆਂ ਦੀ ਲੋੜ ਹੈ। ਉਹਨਾਂ ਨਾਲ ਹੀ ਕੌਮ ਦੀਆਂ ਆਸਾਂ ਅਤੇ ਅਸਲੀ ਖੁਸ਼ਹਾਲੀ ਜੁੜੀ ਹੋਈ ਹੈ। ਚੰਗੇ ਚਰਿੱਤਰ ਵਾਲੇ ਵਿਅਕਤੀਆਂ ਨਾਲ ਹੀ ਕੌਮ ਤਕੜੀ ਅਤੇ ਮਜ਼ਬੂਤ ਬਣਦੀ ਹੈ।

ਅੱਜਕਲ੍ਹ ਦੀ ਜ਼ਿੰਦਗੀ ਵਿਚ ਜਦੋਂ ਕੀਮਤਾਂ ਨੂੰ ਖੋਰਾ ਲੱਗਿਆ ਹੋਇਆ ਹੈ, ਚਰਿੱਤਰ ਲਈ ਸਿੱਖਿਆ ਰਾਹੀਂ ਹੀ ਮਸਲੇ ਹੱਲ ਹੋ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅੱਜਕਲ੍ਹ ਦੇ ਸਮਾਜ ਨੂੰ ਜ਼ਿੰਦਗੀ ਦੀਆਂ ਉੱਚੀਆਂ ਕਦਰਾਂ-ਕੀਮਤਾਂ, ਸੱਚਾਈ, ਸੁਹੱਪਣ ਅਤੇ ਨੇਕੀ ਦੀ ਲੋੜ ਹੈ।

ਜਾਨ੍ਹ ਡੀਵੀ ਕਹਿੰਦਾ ਹੈ, "ਸਕੂਲ ਦੀਆਂ ਹਦਾਇਤਾਂ ਅਤੇ ਅਨੁਸ਼ਾਸਨ, ਚਰਿੱਤਰ ਬਨਾਉਣ ਦੀ ਧਾਰਨਾ ਨਾਲ ਸੰਬੰਧਿਤ ਹਨ।

**(v) ਵਿਅਕਤੀਗਤ ਬਨਾਮ ਸਮਾਜਿਕ ਉਦੇਸ਼**

**(ੳ) ਸਿੱਖਿਆ ਦਾ ਵਿਅਕਤੀਗਤ ਉਦੇਸ਼ (Individual Aim of Education) :**

ਸਰ ਪੀ.ਸੀ. ਨੱਨ ਦਾ ਕਥਨ ਹੈ ਕਿ ਵਿਅਕਤਿਤਵ ਜੀਵਨ ਦਾ ਆਦਰਸ਼ ਹੈ। ਉਸ ਅਨੁਸਾਰ ਕੇਵਲ ਸੁਤੰਤਰ ਇਸਤਰੀਆਂ ਪੁਰਸ਼ਾਂ ਕਰਕੇ ਹੀ ਸੰਸਾਰ ਵਿਚ ਪ੍ਰਗਤੀ ਹੁੰਦੀ ਹੈ। ਇਸ ਲਈ ਸਿੱਖਿਆ ਇਨ੍ਹਾਂ ਉਦੇਸ਼ਾਂ ਨੂੰ ਮੁੱਖ ਰੱਖ ਕੇ ਹੀ ਦੇਣੀ ਚਾਹੀਦੀ ਹੈ। ਸਿੱਖਿਆ ਰਾਹੀਂ ਅਜਿਹੇ ਹਾਲਾਤ ਪੈਦਾ ਕਰਨੇ ਚਾਹੀਦੇ ਹਨ ਜੋ ਵਿਅਕਤਿਤਵ ਦਾ ਪੂਰਨ ਭਾਂਤ ਵਿਕਾਸ ਕਰ ਸਕਣ।

ਸਿੱਖਿਆ ਦਾ ਉਦੇਸ਼ ਵਿਅਕਤੀ ਦੀ ਸਿਖਲਾਈ ਅਤੇ ਵਿਕਾਸ ਹੋਣਾ ਚਾਹੀਦਾ ਹੈ। ਸਕੂਲ ਉਦੋਂ ਹੀ ਆਪਣਾ ਉਦੇਸ਼ ਪੂਰਾ ਕਰਦਾ ਹੈ ਜਦੋਂ ਉਹ ਹਰੇਕ ਬੱਚੇ ਦੀ ਜੀਵਨ ਦੇ ਵਿਕਾਸ ਵਿਚ ਆਪਣੀਆਂ ਸ਼ਕਤੀਆਂ ਅਨੁਸਾਰ ਆਪਣੇ ਵਿਅਕਤਿਤਵ ਦਾ ਪੂਰਨ ਵਿਕਾਸ ਕਰਨ ਵਿਚ ਸਹਾਇਤਾ ਕਰਦਾ ਹੈ। ਹਰੇਕ ਵਿਅਕਤੀ ਨੂੰ ਆਪਣੀਆਂ ਸਰੀਰਕ, ਮਾਨਸਿਕ, ਨੈਤਿਕ ਅਤੇ ਬੌਧਿਕ ਯੋਗਤਾਵਾਂ ਨੂੰ ਸਮਝਣ ਅਤੇ ਵਿਕਸਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਇਸ ਲਈ ਨਾ ਹੀ ਵਾਤਾਵਰਣ ਵੱਲੋਂ ਕੋਈ ਰੁਕਾਵਟ ਪੈਣੀ ਚਾਹੀਦੀ ਹੈ ਅਤੇ ਨਾ ਹੀ ਸਮਾਜ ਵੱਲੋਂ। ਇਸ ਉਦੇਸ਼ ਦੇ ਸਮਰਥਕਾਂ ਅਨੁਸਾਰ ਵਿਅਕਤੀ ਨੂੰ ਆਪਣੀਆਂ ਸੰਪੂਰਨ ਸ਼ਕਤੀਆਂ ਦਾ ਵਿਕਾਸ ਕਰਨ ਦੀ ਪ੍ਰੇਰਣਾ ਦਿੱਤੀ ਜਾਣੀ ਚਾਹੀਦੀ ਹੈ।

ਜੀਵ ਵਿਗਿਆਨ ਅਨੁਸਾਰ ਹਰ ਇਕ ਵਿਅਕਤੀ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ। ਪ੍ਰੋ. ਜੀ. ਥਾਪਸਨ ਦਾ ਕਣਨ ਹੈ, "ਸਿੱਖਿਆ ਵਿਅਕਤੀ ਲਈ ਹੁੰਦੀ ਹੈ ਅਤੇ ਇਸ ਦਾ ਉਦੇਸ਼ ਇਹ ਹੈ ਕਿ ਵਿਅਕਤੀ ਨੂੰ

ਆਪਣੀ ਹੋਂਦ ਕਾਇਮ ਰੱਖਣ ਅਤੇ ਜੀਵਨ ਜੀਉਣ ਦੇ ਯੋਗ ਬਣਾਏ।" ਸਿੱਖਿਆ ਵਿਅਕਤੀ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਦਿੱਤੀ ਜਾਂਦੀ ਹੈ। ਸਮਾਜ ਦੀ ਹੋਂਦ ਵਿਅਕਤੀ ਲਈ ਹੁੰਦੀ ਹੈ ਨਾ ਕਿ ਵਿਅਕਤੀ ਦੀ ਹੋਂਦ ਸਮਾਜ ਲਈ। ਸਮਾਜ ਸਾਧਨ ਹੈ ਅਤੇ ਵਿਅਕਤੀ ਉਦੇਸ਼। ਇਸ ਲਈ ਜ਼ਰੂਰੀ ਹੈ ਕਿ ਉਦੇਸ਼ ਨੂੰ ਸਾਧਨ ਨਾਲੋਂ ਜ਼ਿਆਦਾ ਮਹੱਤਤਾ ਦਿੱਤੀ ਜਾਵੇ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਨੂੰ ਹੀ ਸਿੱਖਿਆ ਦੇ ਯਤਨਾਂ ਦਾ ਕੇਂਦਰ ਬਨਾਉਣਾ ਚਾਹੀਦਾ ਹੈ।

ਰੂਸੋ ਅਤੇ ਟੀ.ਪੀ. ਨੰਨ ਵਰਗੇ ਪ੍ਰਕਿਰਤੀਵਾਦੀ ਲੇਖਕਾਂ ਦਾ ਵਿਚਾਰ ਹੈ ਕਿ, "ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦਾ ਸੁਤੰਤਰ ਰੂਪ ਵਿਚ ਵਿਕਾਸ ਕਰਨਾ ਹੈ। ਇਸ ਲਈ ਸਿੱਖਿਆ ਪ੍ਰਕਿਰਤੀ ਅਨੁਸਾਰ ਹੋਣੀ ਚਾਹੀਦੀ ਹੈ।" ਰੂਸੋ ਦਾ ਵਿਚਾਰ ਹੈ ਕਿ ਮਨੁੱਖ ਨੂੰ ਨਾਗਰਿਕਤਾ ਬਾਬਤ ਇਕੋ ਵੇਲੇ ਸਿੱਖਿਅਤ ਨਹੀਂ ਕੀਤਾ ਜਾ ਸਕਦਾ ਹੈ। ਉਸਦੇ ਅਨੁਸਾਰ ਸਮਾਜ ਬੁਰਾਈਆਂ ਨਾਲ ਭਰਿਆ ਹੋਇਆ ਹੈ ਅਤੇ ਹਰ ਇਕ ਬੱਚੇ ਨੂੰ ਉਸਦੇ ਬਾਹਰ ਸਿੱਖਿਆ ਦੇਣੀ ਚਾਹੀਦੀ ਹੈ। ਸੱਚੀ ਸਿੱਖਿਆ ਉਹ ਹੈ ਜੋ ਵਿਅਕਤੀ ਦੇ ਅੰਦਰੋਂ ਉਤਪੰਨ ਹੁੰਦੀ ਹੈ। ਜਿਸ ਨਾਲ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਪ੍ਰਕਿਰਤੀਵਾਦੀਆਂ ਅਨੁਸਾਰ ਸਿੱਖਿਆ ਦਾ ਉਦੇਸ਼ ਅਜਿਹੀਆਂ ਸਥਿਤੀਆਂ ਪੈਦਾ ਕਰਨਾ ਹੈ ਜਿਸ ਵਿਚ ਵਿਅਕਤਿਤਵ ਦਾ ਪੂਰਨ ਵਿਕਾਸ ਹੋ ਸਕੇ ਤਾਂ ਜੋ ਮਨੁੱਖ ਠੀਕ ਢੰਗ ਨਾਲ ਮਾਨਵ ਜੀਵਨ ਵਿਚ ਆਪਣਾ ਮੌਲਿਕ ਹਿੱਸਾ ਪਾ ਸਕਣ।

ਮਨੋਵਿਗਿਆਨੀਆਂ ਦਾ ਮੱਤ ਹੈ ਕਿ ਸਿੱਖਿਆ ਇਕ ਵਿਅਕਤੀਗਤ ਪ੍ਰਕ੍ਰਿਆ ਹੈ। ਕੋਈ ਵੀ ਦੋ ਬੱਚੇ ਇਕੋ ਜਿਹੇ ਨਹੀਂ ਹੁੰਦੇ। ਸਿੱਖਿਆ ਨੂੰ ਇਹਨਾਂ ਵਿਅਕਤੀਗਤ ਭਿੰਨਤਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਪੈਸਟਾਲੋਜੀ ਅਨੁਸਾਰ ਤਾਂ ਸਿੱਖਿਆ ਦਾ ਵਿਅਕਤੀਕਰਨ (Individualization) ਕਰਨਾ ਜ਼ਰੂਰੀ ਹੈ। ਸਿੱਖਿਆ ਦਾ ਇਕ ਕੰਮ ਹੋਣਾ ਚਾਹੀਦਾ ਹੈ ਕਿ ਉਹ ਬੱਚੇ ਦੇ ਅੰਤਰ ਲੁੱਕੀਆਂ ਸ਼ਕਤੀਆਂ ਅਤੇ ਸੰਭਾਵਨਾਵਾਂ ਦਾ ਪਤਾ ਲਾਵੇ ਅਤੇ ਅਜਿਹੇ ਸਾਧਨਾਂ ਦਾ ਉਪਯੋਗ ਕਰੇ ਜਿਹਨਾਂ ਨਾਲ ਉਹ ਆਪਣੇ ਗੁਣਾਂ ਅਤੇ ਸ਼ਕਤੀਆਂ ਦਾ ਵੱਧ ਤੋਂ ਵੱਧ ਵਿਕਾਸ ਕਰਨ ਦੇ ਯੋਗ ਹੋ ਜਾਣ। ਸਿੱਖਿਆ ਦੀ ਪ੍ਰਕ੍ਰਿਆ ਵਿਚ ਹਰ ਇਕ ਬੱਚੇ ਦਾ ਮਹੱਤਵਪੂਰਨ ਸਥਾਨ ਹੋਣਾ ਚਾਹੀਦਾ ਹੈ। ਅਧਿਆਪਕ ਤੇ ਪੁਸਤਕਾਂ ਤਾਂ ਕੇਵਲ ਵਿਅਕੀਤੀ ਦੇ ਅੰਦਰੂਨੀ ਮਾਰਗ ਤੇ ਪਥ-ਪ੍ਰਦਰਸ਼ਕ ਦਾ ਚਿੰਨ੍ਹ ਮਾਤਰ ਹਨ। ਅਧਿਆਤਮਵਾਦੀਆਂ ਦਾ ਇਹ ਵਿਚਾਰ ਹੈ ਕਿ ਹਰ ਵਿਅਕਤੀ ਨੂੰ ਸਿੱਖਿਆ ਦੀ ਪ੍ਰਕ੍ਰਿਆ ਦੁਆਰਾ ਆਪਣੇ ਅਧਿਆਤਮਕ ਤੱਤ ਨੂੰ ਵਿਕਸਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਜੀਵਨ ਦੇ ਉੱਚੇ ਤੋਂ ਉੱਚੇ ਮੁੱਲਾਂ ਨੂੰ ਪ੍ਰਾਪਤ ਕਰ ਸਕਣ। ਇਸ ਦ੍ਰਿਸ਼ਟੀਕੋਣ ਅਨੁਸਾਰ ਵਿਅਕਤੀ ਦਾ ਪੂਰਨਤਾ ਵੱਲ ਵੱਧਣਾ ਹੀ ਸਿੱਖਿਆ ਦਾ ਉਦੇਸ਼ ਹੈ।

ਪ੍ਰਗਤੀਵਾਦੀਆਂ ਦਾ ਖਿਆਲ ਹੈ ਕਿ ਮਨੁੱਖ ਜਾਤੀ ਦਾ ਵਿਕਾਸ ਤੇ ਪ੍ਰਗਤੀ ਉਹਨਾਂ ਕੁਝ ਇਕ ਮਹਾਂਪੁਰਸ਼ਾਂ ਦੁਆਰਾ ਹੁੰਦੀ ਹੈ ਜੋ ਸਮੇਂ-ਸਮੇਂ ਇਸ ਸੰਸਾਰ ਵਿਚ ਆਉਂਦੇ ਹਨ। ਜੇ ਅਜਿਹੇ ਮਹਾਂਪੁਰਸ਼ ਧਰਤੀ ਤੇ ਨਾ ਆਉਂਦੇ ਤਾਂ ਕਿਸੇ ਪ੍ਰਕਾਰ ਦੀ ਪ੍ਰਗਤੀ ਸੰਭਵ ਨਹੀਂ ਸੀ। ਇਸ ਲਈ ਸਿੱਖਿਆ ਦਾ ਇਹ ਉਦੇਸ਼ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀ ਲਈ ਅਜਿਹੀਆਂ ਸਥਿਤੀਆਂ ਸਥਾਪਤ ਕਰੇ ਜਿਹਨਾਂ ਵਿਚ ਉਸਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੋ ਸਕੇ ਅਤੇ ਉਹ ਆਪਣੇ ਸੁਭਾਅ ਅਤੇ ਯੋਗਤਾ ਅਨੁਸਾਰ ਸਮੁੱਚੇ

ਮਾਨਵ ਜੀਵਨ ਵਿਚ ਆਪਣਾ ਹਿੱਸਾ ਪਾ ਸਕੇ। ਜੇ ਵਿਅਕਤੀ ਪੂਰਨ ਤੌਰ ਤੇ ਵਿਕਸਿਤ ਹੋਵੇ ਤਾਂ ਸਮਾਜ ਆਪਣੇ ਆਪ ਹੀ ਵਿਕਸਿਤ ਹੋ ਜਾਵੇਗਾ।

ਜੇਕਰ ਸਮਾਜ ਦੀ ਉਨਤੀ ਕਰਨੀ ਹੈ ਤਾਂ ਸਿੱਖਿਆ ਦੁਆਰਾ ਵਿਅਕਤੀ ਦਾ ਸੁਤੰਤਰ ਵਿਕਾਸ ਹੋਣਾ ਚਾਹੀਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਹੀ ਅਸਲੀਅਤ ਹੈ, ਸਮਾਜ ਦੀ ਹੋਂਦ ਵਿਅਕਤੀ ਦੇ ਹਿੱਤ ਲਈ ਹੈ ਅਤੇ ਸਿੱਖਿਆ ਦੇ ਸਾਰੇ ਯਤਨਾਂ ਦਾ ਕੇਂਦਰ ਵਿਅਕਤੀ ਹੋਣਾ ਚਾਹੀਦਾ ਹੈ, ਸਮਾਜ ਨਹੀਂ।

### (ਅ) ਸਿੱਖਿਆ ਦਾ ਸਮਾਜਿਕ ਉਦੇਸ਼ (Social Aim of Education) :

ਜਦੋਂ ਅਸੀਂ ਸਮਾਜਕ ਉਦੇਸ਼ ਉੱਤੇ ਵਧੇਰੇ ਜ਼ੋਰ ਦੇਈਏ ਤਾਂ ਸਮਾਜ ਨੂੰ ਵਿਅਕਤੀਗਤ ਕੀਮਤਾਂ ਤੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਰਾਜ ਨੂੰ ਸਰਵ-ਉੱਚ ਮੰਨਿਆ ਜਾਂਦਾ ਹੈ।

ਸਿੱਖਿਆ ਦੇ ਵਿਅਕਤੀਗਤ ਉਦੇਸ਼ ਦੇ ਨਾਲ ਨਾਲ ਸਿੱਖਿਆ ਦਾ ਸਮਾਜਿਕ ਉਦੇਸ਼ ਵੀ ਹੈ। ਇਸ ਉਦੇਸ਼ ਅਨੁਸਾਰ ਵਿਅਕਤੀ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ, ਸਗੋਂ ਸਮਾਜ ਨੂੰ ਮਹਾਨ ਆਦਰਸ਼ ਮੰਨਿਆ ਜਾਂਦਾ ਹੈ। ਸਿੱਖਿਆ ਦੇ ਇਸ ਉਦੇਸ਼ ਦੇ ਸਮਰਥਕ ਇਹ ਗੱਲ ਮੰਨਦੇ ਹਨ ਕਿ ਕੋਈ ਵੀ ਵਿਅਕਤੀ ਸਮਾਜ ਤੋ ਅਲੱਗ ਨਹੀਂ ਰਹਿ ਸਕਦਾ ਅਤੇ ਨਾ ਹੀ ਸਮਾਜ ਤੋਂ ਬਿਨਾਂ ਉਸ ਦਾ ਵਿਕਾਸ ਹੋ ਸਕਦਾ ਹੈ। ਸਮਾਜ ਹੀ ਪ੍ਰਾਣੀ ਨੂੰ ਲੋੜ ਅਨੁਸਾਰ ਬਦਲਦਾ ਹੈ। ਵਿਅਕਤੀ ਸਿੱਖਿਆ ਦੀ ਵਰਤੋਂ ਇਸ ਲਈ ਕਰਦਾ ਹੈ ਕਿ ਉਹ ਸਮਾਜ ਵਿਚ ਰਹਿ ਕੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕਰ ਸਕੇ। ਪਾਠਕ੍ਰਮ ਅਤੇ ਸਿੱਖਿਆ ਵਿਧੀ ਵੀ ਰਾਜ ਦੇ ਹੱਥ ਵਿਚ ਹੈ। ਜੇ ਕਿਸੇ ਵਿਅਕਤੀ ਦਾ ਕੋਈ ਵਿਅਕਤਿੱਤਵ ਹੈ, ਤਾਂ ਉਹ ਸਮਾਜ ਜਾਂ ਰਾਜ ਵਿਚ ਹੀ ਪਲਦਾ ਹੈ। ਹਰੇਕ ਵਿਅਕਤੀ ਨੂੰ ਸਮਾਜ ਦੇ ਹਿੱਤ ਲਈ ਕੰਮ ਕਰਨਾ ਪੈਂਦਾ ਹੈ। ਰਾਜ ਦੁਆਰਾ ਨਿਸ਼ਚਿਤ ਕੀਤੀ ਗਈ ਕਠੋਰ ਸਿੱਖਿਆ ਪ੍ਰਣਾਲੀ ਵਿਅਕਤੀ ਨੂੰ ਇਸ ਪ੍ਰਕਾਰ ਦੀ ਟਰੇਨਿੰਗ ਦਿੰਦੀ ਹੈ ਕਿ ਉਹ ਰਾਜ ਦੇ ਹੁਕਮਾਂ ਦੀ ਪਾਲਣਾ ਕਰਦਾ ਰਹੇ। ਵਿਅਕਤੀ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕੀਤੀ ਜਾਂਦੀ। ਰਾਜ ਦੀ ਭਲਾਈ ਲਈ ਸਿੱਖਿਆ ਦੀ ਇਹ ਵਿਚਾਰਧਾਰਾ ਸਾਨੂੰ ਸਮਾਜਵਾਦੀ ਦੇਸ਼ਾਂ ਵਿਚ ਆਮ ਮਿਲਦੀ ਹੈ। ਪ੍ਰਾਚੀਨ ਯੂਨਾਨ ਤੇ ਸਪਾਰਟਾ ਦੇ ਰਾਜ ਵਿਚ ਵੀ ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਰਾਜ ਅਤੇ ਸਮਾਜ ਦੇ ਸੇਵਾ ਕਰਨ ਦੇ ਯੋਗ ਬਣਾਉਂਦਾ ਸੀ। ਆਧੁਨਿਕ ਯੁੱਗ ਵਿਚ ਹਿਟਲਰ ਦੀ ਜਰਮਨੀ ਅਤੇ ਮੋਸੋਲਿਨੀ ਦੀ ਇਟਲੀ ਵਿਚ ਪ੍ਰਚਲਤ ਸਿੱਖਿਆ ਪ੍ਰਣਾਲੀਆਂ ਵਿਚ ਸਮਾਜਿਕ ਉਦੇਸ਼ ਦੇ ਰੂਪ ਦੇਖੇ ਜਾ ਸਕਦੇ ਹਨ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਉਦੇਸ਼ ਦੇ ਅਤਿਵਾਦੀ ਰੂਪ ਵਿਚ ਵਿਅਕਤੀ ਦਾ ਆਪਣਾ ਕੋਈ ਵਿਅਕਤਿੱਤਵ ਨਹੀਂ ਹੁੰਦਾ, ਰਾਜ ਹੀ ਨਿਸ਼ਚਿਤ ਕਰਦਾ ਹੈ ਕਿ ਵਿਅਕਤੀ ਨੇ ਕੀ ਕਰਨਾ ਹੈ ਅਤੇ ਉਸ ਦੇ ਅਨੁਸਾਰ ਹੀ ਵਿਅਕਤੀ ਆਪਣੀ ਯੋਗਤਾ ਅਤੇ ਸ਼ਕਤੀ ਦੀ ਵਰਤੋਂ ਕਰਦਾ ਹੈ।

### (ੲ) ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਦਾ ਤਾਲਮੇਲ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਇਕੱਲਾ ਨਹੀਂ ਰਹਿ ਸਕਦਾ। ਮਨੁੱਖ ਅਤੇ ਸਮਾਜਿਕ ਇੱਕ ਦੂਜੇ ਦੇ ਪੂਰਵਕ ਹਨ। ਸਮਾਜ, ਮਨੁੱਖ ਲਈ ਹੈ। ਵਿਅਕਤੀਗਤ ਅਤੇ ਸਮਾਜਿਕ ਉਦੇਸ਼ ਬਹੁਤ ਜ਼ਰੂਰੀ ਹਨ ਅਤੇ ਉਹਨਾਂ ਦੀ ਬਹੁਤ ਵੱਡੀ ਭੂਮਿਕਾ ਹੈ, ਇੱਕ ਮਨੁੰਖ ਦੀ ਪੂਰਨ ਸਖਸੀਅਤ ਲਈ ਵੀ ਬਹੁਤ

ਜ਼ਰੂਰਤ ਹੈ। ਵਿਅਕਤੀਗਤ ਅਤੇ ਸਮਾਜਿਕ ਉਦੇਸ਼ ਵਿਚ ਤਾਲਮੇਲ ਪੈਦਾ ਕਰਨਾ ਸੰਭਵ ਹੈ। ਵਿਅਕਤੀ ਤੇ ਸਮਾਜ ਇਕ ਦੂਜੇ ਦੇ ਪੂਰਕ ਹਨ। ਨਾ ਵਿਅਕਤੀ ਅਤੇ ਨਾ ਹੀ ਸਮਾਜ, ਇਕ ਦੂਜੇ ਦੇ ਬਿਨਾਂ ਹੱਦ ਰੱਖ ਸਕਦੇ ਹਨ। ਵਿਅਕਤੀ ਸਮਾਜ ਦੀ ਉਪਜ ਹੈ ਅਤੇ ਸਮਾਜ ਦੀ ਪੂਰਣਤਾ ਆਪਣੇ ਮੈਂਬਰਾਂ ਦੇ ਵਿਕਾਸ ਵਿਚ ਲੁਪਤ ਹੈ। ਵਿਅਕਤੀ ਅਤੇ ਸਮਾਜ ਵਿਚ ਤਾਲਮੇਲ ਦਾ ਸੁਜੋੜ ਦੀ ਗੱਲ ਕਰਦੇ ਹੋਏ ਅਸੀਂ ਇਕ ਆਦਰਸ਼ਕ ਰਾਸ਼ਟਰ ਦੀ ਕਲਪਨਾ ਕਰਦੇ ਹਾਂ, ਜਿਥੇ ਵਿਅਕਤੀ ਤੇ ਸਮਾਜ ਨੂੰ ਇਕੱਠਾ ਕੀਤਾ ਜਾਏ, ਜਿਥੇ ਦੋਵੇਂ ਹੀ ਇਕ ਦੂਜੇ ਦੇ ਹਿਤਕਾਰੀ ਸਾਬਤ ਹੋਣ ਲਈ ਸਦਾ ਹੀ ਜਤਨ ਕਰਦੇ ਹੋਣ। ਅਜਿਹਾ ਭਾਈਚਾਰਾ ਵਿਅਕਤੀ ਦੇ ਵਿਕਾਸ ਵਿਚ ਸਹਾਇਕ ਹੋਵੇਗਾ। ਸਮਾਜਕ ਸੁੰਨਤਾ ਵਿਚ ਕੋਈ ਵੀ ਵਿਅਕਤੀ ਵਿਕਾਸ ਕਰ ਸਕਦਾ। ਇਕ ਵਿਅਕਤੀ ਕੇਵਲ ਇਕ ਅਗਾਂਹ ਵਧੂ ਸਮਾਜ ਸਮਾਜ ਵਿਚ ਹੀ ਵਿਕਾਸ ਕਰ ਸਕਦਾ ਹੈ ਅਤੇ ਵਿਕਸਤ ਵਿਅਕਤੀਆਂ ਨਾਲ ਹੀ ਇਕ ਸਮਾਜ ਪ੍ਰਤਿਸ਼ਠਾ ਅਤੇ ਵਡਿਆਈ ਦੀ ਉੱਚ ਪੱਧਰ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਨਾਲ ਸੰਬੰਧਿਤ ਇਕ ਹੋਰ ਤੱਥ ਇਕ ਹੈ ਕਿ ਵਿਅਕਤੀ ਵਿਚ ਸਮਾਜ ਨੂੰ ਖੁਸ਼ਹਾਲ ਬਣਾਉਣ ਦੀ ਸਮੱਰਥਾ ਹੈ। ਪਰ ਵਿਅਕਤੀ ਵਿਚ ਸਮਾਜ ਲਈ ਅਹਿਸਾਸ ਜਾਂ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਸ ਨੂੰ ਸਦਾ ਹੀ ਸਮਾਜ ਦੀ ਭਲਾਈ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਸਿੱਖਿਆ ਦੇ ਦੂਹਰੇ ਪੱਖ ਹਨ ਵਿਅਕਤੀ ਦੀ ਪੂਰਣਤਾ ਅਤੇ ਭਾਈਚਾਰੇ ਦੀ ਭਲਾਈ। ਇਕੱਲਾ ਵਿਅਕਤੀ ਕਲਪਨਾ ਦੀ ਘਾੜਤ ਹੈ। ਇਸ ਤਰ੍ਹਾਂ ਸਿੱਖਿਆ ਦਾ ਕਾਰਜ ਇਕ ਪਾਸੇ ਵਿਅਕਤੀ ਨੂੰ ਆਪਣੀਆਂ ਸ਼ਕਤੀਆਂ ਅਤੇ ਸਮਰਥਾਵਾਂ ਨੂੰ ਵਿਕਸਤ ਕਰਨ ਯੋਗ ਬਣਾਉਣ ਅਤੇ ਦੂਸਰੇ ਪਾਸੇ ਸਮਾਜਕ ਕਲਿਆਣ ਦੇ ਪ੍ਰੋਗਰਾਮ ਵਿਚ ਉਸ ਨੂੰ ਸਰਗਰਮ ਭਾਈਵਾਲ ਬਣਨ ਦੇ ਯੋਗ ਬਣਾਉਣਾ ਹੈ।

### (vi) ਸੁਤੰਤਰ ਭਾਰਤ ਵਿੱਚ ਸਿੱਖਿਆ ਦਾ ਉਦੇਸ਼ (Aim of Education in Free India) :

ਰਾਜਨੀਤਿਕ ਆਜ਼ਾਦੀ ਪ੍ਰਾਪਤ ਕਰਨ ਤੋ ਬਾਅਦ ਭਾਰਤ ਨੂੰ ਇਕ ਧਰਮ ਨਿਰਪੱਖ ਲੋਕ ਰਾਜ ਬਣਾਉਣ ਦਾ ਫੈਸਲਾ ਕੀਤਾ ਗਿਆ। 26 ਨਵੰਬਰ, 1949 ਨੂੰ ਭਾਰਤ ਦੀ ਸੰਵਿਧਾਨਿਕ ਅਸੈਂਬਲੀ ਨੇ ਇਕ ਸੰਵਿਧਾਨ ਤਿਆਰ ਕੀਤਾ ਜਿਸ ਵਿਚ ਭਾਰਤ ਦੀ ਰਾਸ਼ਟਰੀ ਨੀਤੀ ਦੀ ਘੋਸ਼ਣਾ ਕੀਤੀ ਗਈ, ਜਿਸ ਅਨੁਸਾਰ ਭਾਰਤ ਨੂੰ ਇਕ ਧਰਮ ਨਿਰਪੇਖ ਤੇ ਲੋਕਰਾਜੀ ਸਮਾਜ ਬਣਾਉਣ ਦਾ ਮੰਤਵ ਸਾਹਮਣੇ ਰੱਖਿਆ ਗਿਆ। ਇਸ ਮੰਤਵ ਦੀ ਪੂਰਤੀ ਲਈ ਭਾਰਤ ਦੇ ਨਾਗਰਿਕਾਂ ਨੂੰ ਯੋਗ ਰਵੱਈਆ ਅਪਨਾਉਣ ਦੇ ਕਾਬਲ ਬਣਾਉਣਾ ਸੀ। ਨਾਗਰਿਕਾਂ ਦਾ ਰਵੱਈਆ ਯੋਗ ਬਣਾਉਣ ਲਈ ਸਿੱਖਿਆ ਪ੍ਰਣਾਲੀ ਦੇ ਨਵੇਂ ਸਿਰਿਉਂ ਚਾਲੂ ਕਰਨਾ ਸੀ। ਆਪਣੇ ਇਹਨਾਂ ਟੀਚਿਆਂ ਦੀ ਪ੍ਰਾਪਤੀ ਲਈ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਨੇ ਬਹੁਤ ਜ਼ਰੂਰੀ ਸਨ। ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਨ ਲਈ ਸੈਕੰਡਰੀ ਐਜੂਕੇਸ਼ਨ ਦੀ ਨਿਯੁਕਤੀ ਕੀਤੀ ਗਈ ਜਿਸਨੇ 1952-53 ਵਿਚ ਆਪਣੀ ਰਿਪੋਰਟ ਵਿਚ ਸਿੱਖਿਆ ਦੇ ਹੇਠ ਲਿਖੇ ਉਦੇਸ਼ ਨਿਰਧਾਰਤ ਕੀਤੇ:

### (ੳ) ਲੋਕਰਾਜੀ ਨਾਗਰਿਕਤਾ ਦਾ ਉਦੇਸ਼ (Development of Democratic Citizenship) :

ਇਕ ਲੋਕਰਾਜੀ ਨਾਗਰਿਕ ਵਿਚ ਬੌਧਿਕ, ਸਮਾਜਿਕ ਅਤੇ ਨੈਤਿਕ ਗੁਣਾਂ ਦਾ ਵਿਕਾਸ ਹੋਣਾ ਚਾਹੀਦਾ ਹੈ। ਲੋਕ ਰਾਜ ਵਿਚ ਹਰੇਕ ਵਿਅਕਤੀ ਦੇ ਵਿਅਕਤਿੱਤਵ ਦੇ ਵਿਕਾਸ ਲਈ ਪੂਰਣ ਅਵਸਰ ਦਿੱਤੇ ਜਾਣੇ

ਚਾਹੀਦੇ ਹਨ। ਸਿੱਖਿਆ, ਉਸ ਦੀਆਂ ਕੁਦਰਤੀ ਸ਼ਕਤੀਆਂ ਦੇ ਅਨੁਕੂਲ ਹੋਣੀ ਚਾਹੀਦੀ ਹੈ ਤਾਂ ਜੋ ਉਸਦਾ ਪੂਰਨ ਵਿਕਾਸ ਹੋ ਸਕੇ। ਇਕ ਲੋਕ ਰਾਜੀ ਨਾਗਰਿਕ ਦੀ ਸੋਚਣੀ ਬੜੀ ਸਾਫ਼ ਹੋਣੀ ਚਾਹੀਦੀ ਹੈ। ਉਸ ਵਿਚ ਇਹ ਯੋਗਤਾ ਹੋਣੀ ਚਾਹੀਦੀ ਹੈ ਕਿ ਉਹ ਸੱਚ ਝੂਠ ਦੀ ਪਛਾਣ ਕਰ ਸਕੇ। ਉਸਦਾ ਵਿਹਾਰ ਹਮੇਸ਼ਾ ਵਿਗਿਆਨਕ ਹੋਣਾ ਚਾਹੀਦਾ ਹੈ। ਹਰ ਪ੍ਰਕਾਰ ਨਵੇਂ ਵਿਚਾਰਾਂ ਨੂੰ ਸਮਝਣ ਦੀ ਉਸ ਵਿਚ ਸ਼ਕਤੀ ਹੋਣੀ ਚਾਹੀਦੀ ਹੈ। ਲੋਕਰਾਜੀ ਨਾਗਰਿਕ ਆਪਣੇ ਆਪ ਨੂੰ ਪੁਰਾਣੀਆਂ ਰਸਮਾਂ-ਰਿਵਾਜਾਂ ਵਿਚ ਜਕੜ ਕੇ ਨਹੀਂ ਰੱਖਦਾ, ਸਗੋਂ ਨਵੀਆਂ ਵਿਚਾਰਧਾਰਾਵਾਂ ਨੂੰ ਸਮਝਣ ਦੀ ਵੀ ਕੋਸ਼ਿਸ਼ ਕਰਦਾ ਹੈ। ਉਹ ਪੁਰਾਣੀ ਸੰਸਕ੍ਰਿਤੀ ਦਾ ਇਸ ਲਈ ਤਿਆਗ ਨਹੀਂ ਕਰਦਾ ਕਿ ਉਹ ਪੁਰਾਣੀ ਹੈ ਤੇ ਨਵੀਂ ਵਿਚਾਰਧਾਰਾ ਇਸ ਲਈ ਨਹੀਂ ਅਪਨਾਉਂਦਾ ਕਿ ਉਹ ਨਵੀਂ ਹੈ, ਸਗੋਂ ਦੋਹਾਂ ਨੂੰ ਚੰਗੀ ਤਰ੍ਹਾਂ ਪਰਖਦਾ ਹੈ ਤੇ ਉਹ ਚੀਜ਼ ਛੱਡ ਦਿੰਦਾ ਹੈ ਜੋ ਨਿਆਂ ਅਤੇ ਉਨੱਤੀ ਦੇ ਰਸਤੇ ਵਿਚ ਰੁਕਾਵਟਾਂ ਪਾਏ। ਇਕ ਪੜ੍ਹੇ ਲਿਖੇ ਨੋਜਵਾਨ ਵਿਚ ਇਹ ਯੋਗਤਾ ਹੋਣੀ ਚਾਹੀਦੀ ਹੈ ਕਿ ਉਹ ਬੋਲਣ ਅਤੇ ਲਿਖਣ ਵਿਚ ਮਾਹਿਰ ਹੋਵੇ। ਲੋਕਰਾਜੀ ਸਮਾਜ ਵਿਚ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਕੋਈ ਵੀ ਵਿਅਕਤੀ ਦੂਸਰੇ ਵਿਅਕਤੀ ਤੇ ਜ਼ਬਰਦਸਤੀ ਆਪਣੇ ਵਿਚਾਰ ਨਹੀਂ ਥੋਪ ਸਕਦਾ, ਸਗੋਂ ਵਿਚਾਰ ਵਟਾਂਦਰੇ ਅਤੇ ਸ਼ਾਂਤੀ ਨਾਲ ਹੀ ਉਹ ਆਪਣੀਆਂ ਭਾਵਨਾਵਾਂ ਵਿਅਕਤ ਕਰ ਸਕਦਾ ਹੈ ਅਤੇ ਕੋਈ ਵੀ ਵਿਅਕਤੀ ਇਕੱਲਾ ਨਹੀਂ ਰਹਿ ਸਕਦਾ। ਸਿੱਖਿਆ ਦਾ ਇਕ ਉਦੇਸ਼ ਹੈ ਕਿ ਹਰੇਕ ਵਿਅਕਤੀ ਨੂੰ ਆਪਣੇ ਸਾਥੀਆਂ ਨਾਲ ਪਿਆਰ, ਅਨੁਸ਼ਾਸਨ ਤੇ ਸਹਿਨਸ਼ੀਲਤਾ ਨਾਲ ਰਹਿਣਾ ਸਿਖਾਏ। ਸਾਡੀ ਸਿੱਖਿਆ ਦਾ ਉਦੇਸ਼ ਸਮਾਜਿਕ ਨਿਆਂ ਦੀ ਭਾਵਨਾ ਨੂੰ ਜਾਗਰਿਤ ਕਰਨਾ ਹੈ। ਲੋਕ ਰਾਜ ਵਿਚ ਸਿੱਖਿਆ ਦਾ ਉਦੇਸ਼ ਅਜਿਹੇ ਨਾਗਰਿਕ ਬਣਾਉਣਾ ਹੁੰਦਾ ਹੈ ਜੋ ਵਿਸ਼ਾਲ ਹਿਰਦੇ ਦੇ ਮਾਲਿਕ ਹੋਣ, ਜਿੰਨ੍ਹਾਂ ਵਿਚ ਸੱਚੀ ਦੇਸ਼ ਭਗਤੀ ਦਾ ਜਜ਼ਬਾ ਹੋਵੇ, ਜੋ ਆਪਣੇ ਦੇਸ਼ ਨੂੰ ਪਿਆਰ ਕਰਨ ਅਤੇ ਦੁਨੀਆਂ ਨੂੰ ਇਕ ਸਮਝ ਕੇ ਆਪਣੇ ਕਰਤੱਵਾਂ ਦੀ ਪਾਲਣਾ ਕਰਨ।

**(ਅ) ਵਿਵਸਾਇਕ ਨਿਪੁੰਨਤਾ ਦਾ ਵਿਕਾਸ (Development of Vocational Efficiency) :**

ਭਾਰਤ ਆਰਥਿਕ ਤੌਰ ਤੇ ਦੂਜੇ ਦੇਸ਼ਾਂ ਦੇ ਮੁਕਾਬਲੇ ਵਿਚ ਕਾਫ਼ੀ ਪਛੜਿਆ ਹੋਇਆ ਹੈ। ਇਸ ਲਈ ਇਸ ਕਮਿਸ਼ਨ ਅਨੁਸਾਰ ਸਿੱਖਿਆ ਦਾ ਦੂਜਾ ਉਦੇਸ਼ ਵਿਵਸਾਇਕ ਯੋਗਤਾ ਵਿਚ ਸੁਧਾਰ ਕਰਨਾ ਸੀ। ਇਸ ਲਈ ਇਹ ਉਮੀਦ ਕੀਤੀ ਜਾਂਦੀ ਹੈ ਕਿ ਕੰਮ ਵੱਲ ਨਵੇਂ ਝੁਕਾਅ ਪੈਦਾ ਕੀਤੇ ਜਾਣ, ਕਿਉਂਕਿ ਰਾਸ਼ਟਰੀ ਖੁਸ਼ਹਾਲੀ ਕੇਵਲ ਕੰਮ ਤੇ ਨਿਰਭਰ ਹੈ। ਇਸ ਲਈ ਵਿਦਿਆਰਥੀਆਂ ਵਿਚ ਕਿੱਤੇ ਸੰਬੰਧੀ ਰੁਚੀ ਉਤਪੰਨ ਕੀਤੀ ਜਾਵੇ। ਆਮ ਸਿੱਖਿਆ ਦੇ ਨਾਲ-ਨਾਲ ਤਕਨੀਕੀ ਸਿੱਖਿਆ ਦੇਣ ਦੀ ਲੋੜ ਵੀ ਵਧੇਰੇ ਹੈ। ਇਸ ਲਈ ਇਹ ਸਿਫਾਰਸ਼ ਕੀਤੀ ਗਈ ਕਿ ਸਕੂਲਾਂ ਵਿਚ ਉਤਪਾਦਕੀ ਕੰਮ, ਕਰਾਫਟ ਆਦਿ ਦੀ ਸਿੱਖਿਆ ਤੇ ਵਧੇਰੇ ਜ਼ੋਰ ਦਿੱਤਾ ਜਾਵੇ।

### 1.3.4 ਸਾਰ :

ਸਿੱਖਿਆ ਬਦਲਣ ਦੇ ਨਾਲ ਨਾਲ ਸਿੱਖਿਆ ਦੇ ਉਦੇਸ਼ ਵੀ ਬਦਲ ਰਹੇ ਹਨ। ਸਿੱਖਿਆ ਦੇ ਉਦੇਸ਼ ਨੂੰ ਸਮਾਜਿਕ, ਰਾਜਨੀਤਿਕ ਅਤੇ ਅਰਥ ਸ਼ਾਸਤਰ ਨਿਰਧਾਰਿਤ ਕਰਦੇ ਹਨ। ਮੁੱਖ ਉਦੇਸ਼ ਹਨ – (i) ਰੁਜ਼ਗਾਰ ਉਦੇਸ਼ (ii) ਗਿਆਨ ਸੰਬੰਧੀ (iii) ਸਮਾਜਿਕ ਉਦੇਸ਼ (iv) ਸੱਭਿਆਚਾਰ ਉਦੇਸ਼ (v) ਚਰਿੱਤਰ

ਨਿਰਮਾਣ ਉਦੇਸ਼। ਭਾਰਤ ਦੇ ਸਿੱਖਿਆ ਦੇ ਉਦੇਸ਼, ਧਰਮ ਅਤੇ ਰਾਜਨੀਤੀ ਦੇ ਨਾਲ ਬਦਲ ਦੇ ਹਨ। ਇਸ ਲਈ ਸਿੱਖਿਆ ਦੇ ਉਦੇਸ਼ ਵੀ ਸਮੇਂ ਅਤੇ ਸਮਾਜ ਦੇ ਅਨੁਸਾਰ ਬਦਲਦੇ ਰਹਿਣੇ ਚਾਹੀਦੇ ਹਨ।

### 1.3.5 ਸੁਝਾਏ ਪ੍ਰਸ਼ਨ :

1. ਰੁਜ਼ਗਾਰ ਅਤੇ ਵਿਅਕਤੀਗਤ ਉਦੇਸ਼ ਵਿਚ ਕੀ ਅੰਤਰ ਹੈ?
2. ਸਮਾਜਿਕ ਉਦੇਸ਼ ਦੀ ਸਿੱਖਿਆ ਵਿੱਚ ਕੀ ਜ਼ਰੂਰਤ ਹੈ?
3. ਵਿਅਕਤੀਗਤ ਉਦੇਸ਼ ਕੀ ਹੈ? ਵਿਅਕਤੀਗਤ ਉਦੇਸ਼ ਕਿਸ ਤਰ੍ਹਾਂ ਜ਼ਰੂਰੀ ਹੈ ਅਤੇ ਉਦਾਹਰਨ ਸਮੇਤ ਇਸ ਨੂੰ ਵਿਸਥਾਰ ਪੂਰਵਕ ਲਿਖੋ।

### 1.3.6 ਸੁਝਾਈਆਂ ਪੁਸਤਕਾਂ :

1. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਡਾ. ਟੀ.ਐਸ.ਸੋਢੀ
ਡਾ. ਹਰਿੰਦਰ ਕੌਰ ਸੋਢੀ
2. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਇੰਦਰਦੇਵ ਸਿੰਘ ਨੰਦਰਾ
ਮੋਨਿਕਾ
3. ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ : ਐਮ.ਐਸ. ਸਚਦੇਵਾ
ਸੁਰਜੀਤ ਸਿੰਘ

ਪਾਠ ਨੰ: 1.4

ਲੇਖਕ – ਡਾ. ਕਿਰਨਦੀਪ ਕੌਰ
ਅਨੁਵਾਦਕ : ਡਾ. ਹਰਿੰਦਰ ਕੌਰ ਸੋਢੀ

# ਸਿੱਖਿਆ ਅਤੇ ਦਰਸ਼ਨ ਸ਼ਾਸਤਰ ਵਿੱਚ ਸੰਬੰਧ

1.4.0 ਪਾਠ ਦੀ ਬਣਤਰ
1.4.1 ਉਦੇਸ਼
1.4.2 ਜਾਣ-ਪਛਾਣ
1.4.3 ਦਰਸ਼ਨ ਕੀ ਹੈ
1.4.4 ਸਿੱਖਿਆ ਅਤੇ ਦਰਸ਼ਨ ਸ਼ਾਸਤਰ ਵਿੱਚ ਸੰਬੰਧ
1.4.5 ਚੰਗਾ ਸਿੱਖਿਆ ਦਰਸ਼ਨ
1.4.6 ਸਿੱਖਿਆ ਦਰਸ਼ਨ ਸ਼ਾਸਤਰ ਅਤੇ ਸਿੱਖਿਆ
1.4.7 ਸਿੱਖਿਆ ਦਾ ਦਰਸ਼ਨ ਸ਼ਾਸਤਰ
1.4.8 ਸਿੱਖਿਆ ਦੇ ਦਰਸ਼ਨ ਦੇ ਕੰਮ
1.4.9 ਸਾਰ
1.4.10 ਸੁਝਾਏ ਪ੍ਰਸ਼ਨ
1.4.11 ਸੁਝਾਈਆਂ ਪੁਸਤਕਾਂ

## 1.4.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ ਉਹ:

(i) ਸਿੱਖਿਆ ਬਾਰੇ ਵਿਆਖਿਆ ਕਰ ਸਕਣਗੇ।
(ii) ਦਰਸ਼ਨ ਬਾਰੇ ਵਿਆਖਿਆ ਕਰ ਸਕਣਗੇ।
(iii) ਸਿੱਖਿਆ ਅਤੇ ਦਰਸ਼ਨ ਦੀ ਅਸਲੀ ਜ਼ਿੰਦਗੀ ਵਿੱਚ ਭੂਮਿਕਾ ਨੂੰ ਬਿਆਨ ਕਰ ਸਕਣਗੇ।
(iv) ਵਿਦਿਆਰਥੀ, ਸਿੱਖਿਆ ਅਤੇ ਦਰਸ਼ਨ ਸ਼ਾਸਤਰ ਵਿੱਚ ਸੰਬੰਧਾਂ ਦਾ ਬਿਆਨ ਕਰ ਸਕਣਗੇ।

## 1.4.2 ਜਾਣ-ਪਛਾਣ (Introduction) :

ਸਿੱਖਿਆ ਅਤੇ ਦਰਸ਼ਨ ਇੱਕ ਦੂਜੇ ਬਿਨਾਂ ਨਹੀਂ ਰਹਿ ਸਕਦੇ। ਇਹ ਇੱਕ ਦੂਜੇ ਨੂੰ ਅਰਥ ਦਿੰਦੇ ਹਨ ਅਤੇ ਦੋਵੇਂ ਸਮਾਜ ਦੀ ਭਲਾਈ ਵਾਸਤੇ ਹਨ ਅਤੇ ਇੱਕ ਦੂਜੇ ਤੋਂ ਬਿਨਾਂ ਅਰਥਹੀਣ ਅਤੇ ਵਿਅਰਥ ਹਨ। ਸਿੱਖਿਆ-ਦਰਸ਼ਨ ਦੇ ਖੇਤਰ ਵਿੱਚ ਦਰਸ਼ਨ ਦਾ ਅਮਲੀ ਰੂਪ ਹੈ। ਸਿੱਖਿਆ ਦਾ ਅਜਿਹਾ ਕੋਈ ਵੀ ਪੱਖ ਨਹੀਂ ਜਿਸ ਦੀ ਦਰਸ਼ਨ ਚੰਗੀ ਘੋਖ ਨਾ ਕਰਦਾ ਹੋਵੇ। ਭਾਵੇਂ ਉਹ ਸਿੱਖਿਆ ਦੇ ਉਦੇਸ਼ ਹੋਣ, ਭਾਵੇਂ ਪਾਠ-ਕ੍ਰਮ ਅਤੇ ਭਾਵੇਂ ਸਿੱਖਿਆ ਦੀ ਸਾਰਥਿਕਤਾ। ਦਰਸ਼ਨ ਸਿੱਖਿਆ ਦੀਆਂ ਧਾਰਨਾਵਾਂ ਨੂੰ ਸਪੱਸ਼ਟ ਕਰਦਾ ਹੈ, ਸਿੱਖਿਆ ਸੰਬੰਧੀ ਸਾਡੇ ਵਿਚਾਰਾਂ ਨੂੰ ਟੈਸਟ ਕਰਦਾ ਹੈ, ਇਕਸਾਰਤਾ ਲਿਆਉਂਦਾ ਹੈ, ਵੱਖ-ਵੱਖ ਦ੍ਰਿਸ਼ਟੀਕੋਣਾਂ ਵਿੱਚ ਸੁਮੇਲ ਪੈਦਾ ਕਰਦਾ ਹੈ ਤੇ ਸਿੱਖਿਆ ਸੰਬੰਧੀ ਹਰ ਗੱਲ ਨੂੰ ਤਰਕ ਦੀ ਕਸੌਟੀ ਤੇ ਪਰਖਦਾ ਹੈ। ਡਿਊਈ ਅਨੁਸਾਰ ਸਿੱਖਿਆ ਉਹ ਖੋਜਸ਼ਾਲਾ ਹੈ ਜਿਥੇ ਦਾਰਸ਼ਨਿਕ ਅੰਤਮ ਅਮਲੀ ਰੂਪ ਧਾਰਣ ਕਰਦੇ ਹਨ ਅਤੇ ਉਨ੍ਹਾਂ ਨੂੰ ਟੈਸਟ ਕੀਤਾ ਜਾਂਦਾ ਹੈ। ਸਿੱਖਿਆ-ਦਰਸ਼ਨ ਮਨੁੱਖ ਨੂੰ ਖੁੱਲੀ ਵਿਚਾਰਧਾਰਾ ਵਾਲਾ ਬਣਨ ਵਿੱਚ, ਬਿਨਾਂ ਪੱਖ-ਪਾਤ ਦੇ ਫੈਸਲੇ ਕਰਨ ਵਿੱਚ ਸਹਿਨਸ਼ੀਲ ਅਤੇ ਨਿਰਪੱਖ ਦ੍ਰਿਸ਼ਟੀਕੋਣ ਵਾਲਾ ਵਿਅਕਤੀ ਬਣਨ ਵਿੱਚ ਸਹਾਇਤਾ ਕਰਦਾ ਹੈ। ਸਿੱਖਿਆ ਦਰਸ਼ਨ ਜੀਵ ਦਾ ਆਮ ਦਰਸ਼ਨ ਨਹੀਂ ਹੈ। ਸਿੱਖਿਆ ਦਰਸ਼ਨ ਦਾ ਸੰਬੰਧ ਮੁੱਖ ਰੂਪ ਵਿਚ ਜੀਵਨ ਦੇ ਨਿਸ਼ਾਨਿਆਂ ਅਤੇ ਉਦੇਸ਼ਾਂ ਦੀ ਲੋਅ ਵਿੱਚ ਸਿੱਖਿਆ ਦੇ ਉਦੇਸ਼ ਅਤੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਲੋੜੀਂਦੇ ਪ੍ਰੋਗਰਾਮਾਂ, ਸਿੱਖਿਆ ਸੰਗਠਨ ਅਤੇ ਨਿਰੀਖਣ ਅਤੇ ਮੁਲਾਂਕਣ, ਸਿੱਖਿਆ-

ਸਮੱਗਰੀ, ਸਿੱਖਿਆ-ਵਿਧੀਆਂ ਅਤੇ ਅਧਿਆਪਕ ਤਿਆਰੀ ਆਦਿ ਨਾਲ ਹੈ।

ਸਿੱਖਿਆ ਅਤੇ ਦਰਸ਼ਨ ਦਾ ਆਪਸ ਵਿਚ ਇੰਨਾ ਗੂੜਾ ਸੰਬੰਧ ਹੈ ਕਿ ਇਹ ਇਕ ਦੂਜੇ ਬਿਨਾਂ ਅਰਥਹੀਣ ਹਨ। ਫਿਸ਼ਤੇ (Fichte) ਨੇ ਕਿਹਾ ਹੈ, ''ਦਰਸ਼ਨ ਤੋਂ ਬਿਨਾਂ ਸਿੱਖਿਆ ਕਲਾ ਵਿਚ ਸਪੱਸ਼ਟਤਾ ਆ ਹੀ ਨਹੀਂ ਸਕਦੀ।'' ਜੈਨਟਾਈਲ ਨੇ ਵੀ ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਲਿਖਿਆ ਹੈ'' ਸਿੱਖਿਆ ਦੀ ਕਿਰਿਆ ਦਰਸ਼ਨ ਤੋਂ ਬਿਨਾਂ ਠੀਕ ਰਾਹ ਤੇ ਚਲ ਹੀ ਨਹੀਂ ਸਕਦੀ।'' ਜੇਮਜ਼ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਸਿੱਖਿਆ ਦੇ ਸਾਰੇ ਪ੍ਰਸ਼ਨ ਵਾਸਤਵ ਵਿਚ ਦਰਸ਼ਨ ਦੇ ਪ੍ਰਸ਼ਨ ਹੀ ਹੁੰਦੇ ਹਨ। ਦਰਸ਼ਨ ਅਤੇ ਸਿੱਖਿਆ ਦੇ ਅਰਥਾਂ ਵਿਚ ਥੋੜ੍ਹੀ ਜਿਹੀ ਝਾਤੀ ਮਾਰਨ ਨਾਲ ਹੀ ਸਾਨੂੰ ਪੱਕਾ ਵਿਸ਼ਵਾਸ਼ ਹੋ ਜਾਵੇਗਾ ਕਿ ਇਹ ਦੋਵੇਂ ਧਾਰਨਾਵਾਂ ਇਕ ਹੀ ਸਿੱਕੇ ਦੇ ਦੋ ਪਾਸੇ ਹਨ, ਇਕੋ ਗੱਲ ਸੰਬੰਧੀ ਵੱਖ-ਵੱਖ ਵਿਚਾਰ ਪ੍ਰਦਰਸ਼ਿਤ ਕਰਦੀਆਂ ਹਨ ਅਤੇ ਇਕ ਦੂਜੀ ਵਿੱਚ ਨਿਹੱਤ ਹਨ।

### 1.4.3 ਦਰਸ਼ਨ ਕੀ ਹੈ? (What is Philosophy?)

ਆਮ ਕਰਕੇ ਦਰਸ਼ਨ ਦਾ ਅਰਥ ਵਸਤੂਆਂ, ਵਿਚਾਰਾਂ, ਘਟਨਾਵਾਂ ਅਤੇ ਸੰਬੰਧਾਂ ਨੂੰ ਵੇਖਣ ਦੇ ਢੰਗਾਂ ਤੋਂ ਲਿਆ ਜਾਂਦਾ ਹੈ ਕਿ ਕਿਉਂ ਜੋ ਹਰ ਵਿਅਕਤੀ ਦੀ ਚੀਜ਼ਾਂ ਨੂੰ ਵੇਖਣ ਦਾ ਆਪਣਾ ਇਕ ਵਿਸ਼ੇਸ਼ ਢੰਗ ਹੁੰਦਾ ਹੈ, ਇਸ ਲਈ ਹਰ ਮਨੁੱਖ ਦਾ ਕੋਈ ਨਾ ਕੋਈ ਜੀਵਨ ਫਲਸਫਾ ਹੁੰਦਾ ਹੈ, ਭਾਵੇਂ ਉਹ ਇਸ ਬਾਰੇ ਜਾਣੂ ਹੋਵੇ ਜਾਂ ਨਹੀਂ। ਮੂਲ ਸ਼ਬਦ ਫਿਲਾਸਫੀ ਦੇ ਸ਼ਬਦਾਂ 'ਫਿਲਾਸ' (ਪਿਆਰ) ਅਤੇ 'ਸੋਫੀ' (ਬੁੱਧੀ) ਤੋਂ ਬਣਿਆ ਹੈ ਅਰਥਾਤ ਬੁੱਧੀ ਨਾਲ ਪਿਆਰ। ਇਸ ਪ੍ਰਕਾਰ ਦੇ ਦਰਸ਼ਨ ਦੇ ਇਸ ਅਰਥ ਅਨੁਸਾਰ ਉਸ ਮਨੁੱਖ ਨੂੰ, ਦਾਰਸ਼ਨਿਕ ਆਖਿਆ ਜਾ ਸਕਦਾ ਹੈ ਜਿਸ ਨੂੰ ਬੁੱਧੀ ਪ੍ਰਤਿ ਪਿਆਰ ਹੋਵੇ ਪਰੰਤੂ ਬੁੱਧੀ ਨਾ ਤਾਂ ਗਿਆਨ ਹੈ ਅਤੇ ਨਾ ਹੀ ਜਾਣਕਾਰੀ ਦੀ ਪ੍ਰਾਪਤੀ। ਇਹ ਤਾਂ ਇਨ੍ਹਾਂ ਤੋਂ ਬਹੁਤ ਉਚੇਰੀ ਵਸਤੂ ਹੈ। ਸੱਚ ਤਾਂ ਇਹ ਹੈ ਕਿ ਬੁੱਧੀ ਉਦੋਂ ਪ੍ਰਾਪਤ ਹੁੰਦੀ ਹੈ, ਜਦੋਂ ਪ੍ਰਾਪਤ ਕੀਤੇ ਗਿਆਨ ਦੇ ਵੱਖ-ਵੱਖ ਪੱਖਾਂ ਵਿਚਾਲੇ ਪਰਸਪਰ ਸੰਬੰਧ ਤੇ ਚੰਗੀ ਤਰ੍ਹਾਂ ਵਿਚਾਰ ਤੇ ਖੋਜ ਮਗਰੋਂ ਆਪਦੇ ਆਪ ਹੀ ਸਿੱਟੇ ਕੱਢਦਾ ਹੈ।

ਇਸ ਧਾਰਣਾ ਦੇ ਅਰਥਾਂ ਦੀ ਸਪੱਸ਼ਟ ਪਰਿਭਾਸ਼ਾ ਸਾਨੂੰ ਪਲੈਟੋ ਦੀ ਪੁਸਤਕ 'ਰਿਪਬਲਿਕ' ਵਿਚ ਮਿਲਦੀ ਹੈ। ਉਨ੍ਹਾਂ ਅਨੁਸਾਰ, ''ਜਿਹੜਾ ਮਨੁੱਖ ਹਰ ਪ੍ਰਕਾਰ ਦੇ ਗਿਆਨ ਵਿਚ ਰੁੱਚੀ ਰੱਖਦਾ ਹੋਵੇ, ਹਰ ਸਮੇਂ ਗਿਆਨ ਪ੍ਰਾਪਤੀ ਦਾ ਇੱਛੁਕ ਹੋਵੇ ਤੇ ਕਦੀ ਵੀ ਸੰਤੁਸ਼ਟ ਨਾ ਹੋ ਸਕੇ, ਉਸਨੂੰ ਸੱਚੇ ਅਰਥਾਂ ਵਿਚ ਦਾਰਸ਼ਨਿਕ ਕਿਹਾ ਜਾ ਸਕਦਾ ਹੈ। ਉਹ ਇਕ ਅਜਿਹਾ ਮਨੁੱਖ ਹੁੰਦਾ ਹੈ ਜੋ ਗਿਆਨ ਪ੍ਰਾਪਤੀ ਨੂੰ ਪਿਆਰ ਕਰਦਾ ਹੈ, ਗਿਆਨ ਪ੍ਰਾਪਤੀ ਲਈ ਉਸ ਦੀ ਭੁੱਖ ਕਦੀ ਵੀ ਸੰਤੁਸ਼ਟ ਨਹੀਂ ਹੁੰਦੀ ਅਤੇ ਪ੍ਰਾਪਤ ਕੀਤੇ ਗਿਆਨ ਤੇ ਡੂੰਘਿਆਈ ਨਾਲ ਵਿਚਾਰ ਕਰਦਾ ਹੈ। ਉਸ ਦੇ ਗਿਆਨ ਦਾ ਵਿਸ਼ਾ ਇੱਕ ਨਹੀਂ ਹੁੰਦਾ, ਸਗੋਂ ਉਹ ਸਾਰੇ ਵਿਗਿਆਨਾਂ ਦੁਆਰਾ ਕਿੱਤੇ ਗਏ ਗਿਆਨ ਨਾਲ ਇਕ ਵੱਡਾ ਮਹਿਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਉਹ ਇਕ ਵਿਸਤ੍ਰਿਤ ਸਿੱਟੇ ਤੇ ਪੁੱਜ ਸਕੇ। ਉਸ ਨੂੰ ਬੁੱਧੀ ਦੇ ਕੇਵਲ ਇਕ ਭਾਗ ਨਾਲ ਹੀ ਪਿਆਰ ਨਹੀਂ ਹੁੰਦਾ, ਉਸ ਨੂੰ ਤਾਂ ਸਮੁੱਚੀ ਬੁੱਧੀ ਨਾਲ ਪਿਆਰ ਹੁੰਦਾ ਹੈ। ਕੋਈ ਵੀ ਚੀਜ਼ ਉਸ ਦੇ ਗਿਆਨ ਦੇ ਘੇਰੇ ਤੋਂ ਬਾਹਰ ਨਹੀਂ ਹੁੰਦੀ। ਇਸ ਪ੍ਰਕਾਰ ਜਿਵੇਂ ''ਹੈਡਰਸਨ ਨੇ ਲਿਖਿਆ ਹੈ, ਦਰਸ਼ਨ ਪ੍ਰਕਿਰਤੀ ਦੇ ਇਕ ਵਿਸਤ੍ਰਿਤ ਦ੍ਰਿਸ਼ਟੀਕੋਣ ਲਈ ਭਾਲ ਹੈ।''

ਇਕ ਵਾਰੀ ਸੁਕਰਾਤ ਨੂੰ ਪੁੱਛਿਆ ਗਿਆ ਕਿ ਸੱਚੇ ਦਾਰਸ਼ਨਿਕ ਕੌਣ ਹੁੰਦੇ ਹਨ। ਸੁਕਰਾਤ ਦਾ ਉੱਤਰ ਸੀ ''ਉਹ ਜੋ ਸੱਚਾਈ ਦੇ ਦਰਸ਼ਨਾਂ ਦੇ ਇੱਛੁਕ ਹੁੰਦੇ ਹਨ, ਇਕ ਦਾਰਸ਼ਨਿਕ ਦਾ ਸਭ ਤੋਂ ਵੱਡਾ ਉਦੇਸ਼ ਸੱਚਾਈ ਤੋਂ ਅਸਲੀਅਤ ਨੂੰ ਲੱਭਣਾ ਹੈ।'' ਸੱਚ ਤਾਂ ਇਹ ਹੈ ਕਿ ਅਸਲੀਅਤ ਹੀ ਦਾਰਸ਼ਨਿਕ ਘੋਖ ਦਾ ਵਿਸ਼ਾ ਹੈ। ਮਨੁੱਖ ਕੀ ਹੈ? ਇਸ ਪ੍ਰਕਾਰ ਦੇ ਸਭ ਪ੍ਰਸ਼ਨਾਂ ਦਾ ਸੰਬੰਧ ਦਰਸ਼ਨ ਨਾਲ ਹੈ। ਇਕ ਦਾਰਸ਼ਨਿਕ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਅਤੇ ਜੀਵਨ ਦੇ ਸਾਰੇ ਪੱਖਾਂ ਵਿਚ ਸਚਾਈ ਲੱਭਣ ਲਈ ਗਿਆਨ ਪ੍ਰਾਪਤ ਕਰਦਾ ਹੈ। ਸਪੱਸ਼ਟ ਕਰਦਾ ਹੈ ਕਿ ਵੱਖ-ਵੱਖ ਦਾਰਸ਼ਨਿਕ ਇਨ੍ਹਾਂ ਪ੍ਰਸ਼ਨਾਂ ਦੇ ਵੱਖ-ਵੱਖ ਉੱਤਰ ਦੇਣਗੇ। ਇਸ ਪ੍ਰਕਾਰ ਜੇਮਜ਼ ਰਾਸ ਠੀਕ ਹੀ ਕਹਿੰਦੇ ਹਨ ਕਿ ''ਉਨ੍ਹਾਂ ਸਾਰੇ ਵਿਅਕਤੀਆਂ ਨੂੰ ਜਿਹੜੇ ਇਨ੍ਹਾਂ ਪ੍ਰਸ਼ਨਾਂ ਦਾ ਨਿਸ਼ਕਪਟਤਾ ਅਤੇ ਦਲੇਰੀ ਨਾਲ ਇਕਸਾਰ ਤੇ ਤਰਕਸ਼ੀਲ ਉੱਤਰ ਦਿੰਦੇ ਹਨ, ਦਾਰਸ਼ਨਿਕਾਂ ਦਾ ਦਰਜਾ ਦਿੱਤਾ ਜਾ ਸਕਦਾ ਹੈ, ਉਹ ਭਾਵੇਂ ਯਥਾਰਥਵਾਦੀ ਹੋਣ ਭਾਵੇਂ ਜੀਵ ਵਿਗਿਆਨੀ ਤੇ ਭਾਵੇਂ ਪ੍ਰਕਿਰਤੀ ਵਿਗਿਆਨੀ ਹੋਣ''।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਮਨੁੱਖ ਦੀ ਜੀਵਨ ਵਿਚਾਰਧਾਰਾ ਕੀ ਹੈ। ਜਾਨ ਡਿਊਈ ਅਮਲੀ ਦਰਸ਼ਨ ਦੇ

ਪੱਖ ਦਾ ਸਮਰਥਨ ਕਰਦੇ ਹੋਏ ਲਿਖਦੇ ਹਨ, ''ਜਦੋਂ ਵੀ ਦਰਸ਼ਨ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਹੈ ਹਮੇਸ਼ਾ ਹੀ ਇਹ ਸਮਝਿਆ ਗਿਆ ਹੈ ਕਿ ਇਸ ਦਾ ਅਰਥ ਇੱਕ ਅਜਿਹੀ ਬੁੱਧੀ ਨੂੰ ਪ੍ਰਾਪਤ ਕਰਨਾ ਹੈ ਜਿਸ ਤੋਂ ਜੀਵਨ ਪ੍ਰਭਾਵਿਤ ਹੋਵੇ।'' ਆਲਡਸ ਹਕਸਲੇ ਦੇ ਅਨੁਸਾਰ, ''ਸਾਰੇ ਮਨੁੱਖ ਆਪਣੇ ਜੀਵਨ ਫਲਸਫੇ ਅਤੇ ਸੰਸਾਰ ਸੰਬੰਧੀ ਆਪਣੀਆਂ ਧਾਰਨਾਵਾਂ ਅਨੁਸਾਰ ਬਤੀਤ ਕਰਦੇ ਹਨ। ਇਹ ਗੱਲ ਉਕੇ ਹੀ ਉਜੱਡ ਵਿਅਕਤੀ ਤੇ ਵੀ ਲਾਗੂ ਹੁੰਦੀ ਹੈ। ਕਿਸੇ ਵਿਸ਼ਵਾਸ ਤੋਂ ਬਿਨਾਂ ਜੀਵਨ ਬਤੀਤ ਕਰਨਾ ਅਸੰਭਵ ਹੈ।''

ਆਮ ਬੋਲੀ ਵਿਚ ਅਸੀਂ ਕਹਿ ਸਕਦੇ ਹਾਂ ਕਿ ਫਲਾਂ ਮਨੁੱਖ ਤਾਂ ਚੀਜ਼ਾਂ ਅਤੇ ਘਟਨਾਵਾਂ ਤੇ ਇਕ ਦਾਰਸ਼ਨਿਕ ਵਜੋਂ ਵਿਚਾਰ ਕਰਦਾ ਹੈ। ਜੇਕਰ ਕੋਈ ਵਿਅਕਤੀ ਵਿਪਰੀਤ ਹਾਲਤਾਂ ਵਿਚ ਵੀ ਸ਼ਾਂਤ ਰਹਿੰਦਾ ਹੈ ਤਾਂ ਸਪੱਸ਼ਟ ਹੈ ਕਿ ਉਸਦੇ ਫਲਸਫੇ ਨਾਲ ਉਸਨੂੰ ਕਾਫੀ ਲਾਭ ਹੋਇਆ ਹੈ। ਜੇਕਰ ਕੋਈ ਜੀਵਨ ਫਲਸਫਾ ਮਹੱਤਵਪੂਰਨ ਹੋਵੇ ਤਾਂ ਇਸ ਜੀਵਨ ਫਲਸਫੇ ਤੇ ਵਿਸ਼ਵਾਸ ਰੱਖਣ ਵਾਲਾ ਇਸ ਫਲਸਫੇ ਅਨੁਸਾਰ ਜੀਵਨ ਬਤੀਤ ਕਰਨ ਦੀ ਜ਼ਰੂਰ ਕੋਸ਼ਿਸ਼ ਕਰਦਾ ਹੈ।

ਸਪੱਸ਼ਟ ਹੈ ਕਿ ਜੀਵਨ ਫਲਸਫੇ ਦੇ ਵੱਖ-ਵੱਖ ਹੋਣ ਕਾਰਨ ਜੀਵਨ ਢੰਗ ਹੀ ਵੱਖ-ਵੱਖ ਹੁੰਦੇ ਹਨ। ਜਿਵੇਂ ਉਮਰ-ਖਿਆਮ ਨਿਰਾਸ਼ਾਵਾਦ ਵਿਚ ਵਿਸ਼ਵਾਸ ਕਰਦਾ ਸੀ ਅਤੇ ਉਹ ਐਸ਼ ਦਾ ਜੀਵਨ ਬਤੀਤ ਕਰਦਾ ਸੀ ਅਤੇ ਸੰਸਾਰ ਨੂੰ ਕੇਵਲ ਐਸ਼ ਦਾ ਹੀ ਸਥਾਨ ਸਮਝਦਾ ਸੀ। ਗਾਂਧੀ ਜੀ ਨੇ ਜੋ ਸਚਾਈ ਤੇ ਅਹਿੰਸਾ ਵਿਚ ਵਿਸ਼ਵਾਸ ਰੱਖਦੇ ਸਨ, ਇਨ੍ਹਾਂ ਹੀ ਆਦਰਸ਼ਾਂ ਤੇ ਅਧਾਰਿਤ ਜੀਵਨ ਬਤੀਤ ਕੀਤਾ, ਇਥੋਂ ਤਕ ਕਿ ਸੁਤੰਤਰਤਾ ਦੀ ਲੜਾਈ ਵਿਚ ਵੀ ਉਨ੍ਹਾਂ ਦੇ ਆਦਰਸ਼ਾਂ ਨੂੰ ਨਹੀਂ ਛੱਡਿਆ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਫਲਸਫੇ ਤੋਂ ਮਨੁੱਖ ਨੂੰ ਜੀਵਨ ਬਤੀਤ ਕਰਨ ਦਾ ਢੰਗ ਅਤੇ ਸੰਸਾਰ ਪ੍ਰਤੀ ਇਕ ਦ੍ਰਿਸ਼ਟੀਕੋਣ ਮਿਲਦਾ ਹੈ। ਇਸੇ ਪ੍ਰਕਾਰ ਅਸੀਂ ਕਿਸੇ ਵਿਅਕਤੀ ਦੇ ਫਲਸਫੇ ਦਾ ਅੰਦਾਜ਼ਾ ਉਸਦੇ ਜੀਵਨ ਬਤੀਤ ਕਰਨ ਦੇ ਢੰਗ ਤੋਂ ਲਗਾ ਸਕਦੇ ਹਾਂ। ਪਰੰਤੂ ਇਕ ਵਿਸ਼ੇਸ਼ ਜੀਉਣ ਜਾਂਚ ਵਾਲਾ ਮਨੁੱਖ ਆਪਣੀ ਜੀਵਨ ਜਾਂਚ ਕੇਵਲ ਆਪਣੇ ਤੱਕ ਹੀ ਸੀਮਿਤ ਨਹੀਂ ਰੱਖਦਾ। ਉਸ ਵਿੱਚ ਆਪਣੀ ਇਸ ਜੀਵਨ ਜਾਂਚ ਨੂੰ ਦੂਜਿਆਂ ਤੱਕ ਪਹੁੰਚਾਣ ਦੀ ਉਮੰਗ ਹੁੰਦੀ ਹੈ ਅਤੇ ਉਹ ਦੂਜਿਆਂ ਨੂੰ ਆਪਣੀ ਜੀਵਨ ਧਾਰਾ ਦੇ ਧਾਰਣੀ ਬਣਾਉਣ ਦਾ ਯਤਨ ਕਰਦਾ ਹੈ। ਅਜਿਹੀਆਂ ਉਦਾਹਰਣਾਂ ਆਮ ਮਿਲਦੀਆਂ ਹਨ। ਈਸਾਈਆਂ, ਕਮਿਊਨਿਸਟਾਂ ਅਤੇ ਫਾਸਿਸਟਾਂ ਨੇ ਆਪਣੇ ਧਾਰਮਿਕ ਅਤੇ ਰਾਜਨੀਤਿਕ ਵਿਚਾਰਧਾਰਾ ਨੂੰ ਦੂਜੇ ਲੋਕਾਂ ਵਿਚ ਫੈਲਾਉਣ ਦਾ ਯਤਨ ਕੀਤਾ। ਆਪਣੀ ਵਿਚਾਰਧਾਰਾ ਲਈ ਕਿਸੇ ਨੂੰ ਕਿੰਨਾ ਸਮਾਂ ਲੱਗਦਾ ਹੈ ਕਿ ਇਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਉਹ ਇਸ ਨੂੰ ਫੈਲਾਉਣ ਲਈ ਕਿੰਨਾ ਕੁ ਚਾਹਵਾਨ ਹੈ। ਇਸ ਪ੍ਰਕਾਰ, ਜੇਕਰ ਵਿਚਾਰਧਾਰਾ ਪੱਕੀ ਹੈ ਤਾਂ ਜ਼ਰੂਰ ਹੀ, ਸਿੱਟਾ ਇਸ ਬਾਰੇ ਦੂਜਿਆਂ ਨੂੰ ਸੰਖਿਪਤ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਿੱਖਿਆ ਕਿਸੇ ਮਨੁੱਖ ਦਾ ਜਿਸ ਦੀ ਕੋਈ ਪੱਕੀ ਵਿਚਾਰਧਾਰਾ ਹੋਵੇ, ਉਹ ਪ੍ਰਭਾਵ ਹੈ ਜਿਹੜਾ ਉਹ ਆਪਣੀ ਵਿਚਾਰਧਾਰਾ ਤੋਂ ਪ੍ਰਭਾਵਿਤ ਕਰਨ ਲਈ ਦੂਜੇ ਮਨੁੱਖ ਤੇ ਪਾਉਂਦਾ ਹੈ। ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਇਸ ਪ੍ਰਕਾਰ ਪ੍ਰਭਾਵਿਤ ਕਰਨ ਅਤੇ ਵਿਚਾਰਧਾਰਾਂ ਵਿਚ ਤਬਦੀਲੀ ਲਿਆਉਣ ਦੀ ਪ੍ਰਕ੍ਰਿਆ ਹੀ ਸਿੱਖਿਆ ਹੈ।

### 1.4.4 ਸਿੱਖਿਆ ਅਤੇ ਦਰਸ਼ਨ ਵਿਚ ਸੰਬੰਧ (Relationship between Education and Philosophy)

ਦਰਸ਼ਨ ਵਿਚਾਰਾਤਮਕ ਪਹਿਲੂ ਹੈ ਅਤੇ ਸਿੱਖਿਆ ਕ੍ਰਿਆਤਮਕ ਪਹਿਲੂ। ਸਿੱਖਿਆ ਉਹ ਪ੍ਰਭਾਵ ਹੈ ਜੋ ਕਿਸੇ ਪ੍ਰਬਲ ਵਿਸ਼ਵਾਸ਼ ਵਾਲਾ ਵਿਅਕਤੀ ਕਿਸੇ ਦੂਸਰੇ ਵਿਅਕਤੀ ਉਤੇ ਇਸ ਮਨੋਰਥ ਨਾਲ ਪਾਉਂਦਾ ਹੈ ਕਿ ਉਹ ਦੂਸਰਾ ਵਿਅਕਤੀ ਵੀ ਉਸੇ ਵਿਸ਼ਵਾਸ਼ ਨੂੰ ਅਪਣਾ ਲਵੇ।

ਨਿਮਨ ਲਿਖਤ ਤੱਥਾਂ ਤੋਂ ਦਰਸ਼ਨ ਤੇ ਸਿੱਖਿਆ ਦਾ ਆਪਸੀ ਸੰਬੰਧ ਸਪਸ਼ੱਟ ਹੋ ਜਾਏਗਾ:

1. **ਇੱਕ ਪੱਖ ਵਿਚਾਰਧਾਰਾ ਸਿੱਖਿਆ ਕੋਸ਼ਿਸ਼ਾਂ ਨੂੰ ਜਨਮ ਦਿੰਦੀ ਹੈ:** ਸਾਰ ਜਾਹਨ ਐਡਮ ਕਹਿੰਦੇ ਹਨ ਕਿ ਸਿੱਖਿਆ ਦਰਸ਼ਨ ਦਾ ਗਤੀਸ਼ੀਲ ਪੱਖ ਹੈ ਕਿਉਂਕਿ ਇਹ ਦਾਰਸ਼ਨਿਕ ਵਿਚਾਰਧਾਰਾ ਦਾ ਕਿਰਿਆਤਮਕ ਪੱਖ ਅਰਥਾਤ ਆਦਰਸ਼ ਦੇ ਪ੍ਰਾਪਤ ਕਰਨ ਦਾ ਅਮਲੀ ਸਾਧਨ ਹੁੰਦੀ ਹੈ।

2. ਇਸ ਸੰਬੰਧ ਨੂੰ ਜੇਮਜ਼ ਰਾਸ ਨੇ ਹੋਰ ਜ਼ਿਆਦਾ ਚੰਗੀ ਤਰ੍ਹਾਂ ਦੱਸਿਆ ਹੈ ਜਦੋਂ ਉਹ ਕਹਿੰਦੇ ਹਨ ਕਿ ''ਦਰਸ਼ਨ ਅਤੇ ਸਿੱਖਿਆ ਇਕੋ ਸਿੱਕੇ ਦੇ ਦੋ ਪਾਸੇ ਹਨ। ਪਹਿਲਾ (ਅਰਥਾਤ ਦਰਸ਼ਨ) ਕਿਰਿਆਸ਼ੀਲ ਪੱਖ ਹੈ। ਇਸ ਦਾ ਅਰਥ ਹੋਇਆ ਹੈ ਕਿ ਦਾਰਸ਼ਨਿਕ ਸਿਧਾਂਤ ਸਿੱਖਿਆ ਰਾਹੀਂ ਕਿਰਿਆਤਮਕ ਰੂਪ ਧਾਰਨ ਕਰਦੇ ਹਨ।

3. ਸਿੱਖਿਆ ਮੁੱਢ ਤੋਂ ਹੀ ਅਤੇ ਹਮੇਸ਼ਾਂ ਹੀ ਦਰਸ਼ਨ ਤੇ ਆਧਾਰਿਤ ਹੈ। ਇਸ ਤੱਥ ਦਾ ਪ੍ਰਮਾਣ ਇਹ ਹੈ ਕਿ ਪੱਛਮ ਵਿਚ ਪਲੈਟੋ ਤੋਂ ਲੈ ਕੇ ਡਿਊਈ ਤੱਕ ਅਤੇ ਭਾਰਤ ਵਿਚ ਯੁਗਵਾਲਿਕ ਤੇ ਬੁੱਧ ਤੋਂ ਲੈ ਕੇ ਗਾਂਧੀ ਤੱਕ ਸਾਰੇ ਹੀ ਮਹਾਨ ਦਾਰਸ਼ਨਿਕ, ਮਹਾਨ ਸਿੱਖਿਆ ਸ਼ਾਸਤਰੀ ਰਹੇ ਹਨ। ਜੇਕਰ ਕੋਈ ਵਿਅਕਤੀ ਸੱਚਾ ਦਾਰਸ਼ਨਿਕ ਹੈ ਤਾਂ ਜ਼ਰੂਰ ਹੀ ਇਕ ਸਿੱਖਿਆ ਸ਼ਾਸਤਰੀ ਹੀ ਹੋਵੇਗਾ। ਆਧੁਨਿਕ ਯੁੱਗ ਵਿੱਚ ਰੱਸਲ, ਵਿਨੋਬਾ ਭਾਵੇਂ ਅਤੇ ਅਰਬਿੰਦੋ ਘੋਸ਼ ਦੇ ਨਾਂ ਦਰਸ਼ਨ ਅਤੇ ਸਿੱਖਿਆ ਦੇ ਆਪਸੀ ਸੰਬੰਧ ਨੂੰ ਸਿੱਧ ਕਰਦੇ ਹਨ।

4. ਵੱਖ-ਵੱਖ ਸਿੱਖਿਆ ਲਹਿਰਾਂ ਵੱਖ-ਵੱਖ ਦਾਰਸ਼ਨਿਕ ਲਹਿਰਾਂ ਤੋਂ ਪੈਦਾ ਹੁੰਦੀਆਂ ਹਨ। ਇਸ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਆਦਰਸ਼ਵਾਦ, ਪ੍ਰਕਿਰਤੀਵਾਦ ਅਤੇ ਯਥਾਰਥਵਾਦ ਨੇ ਪਹਿਲਾਂ ਸਿੱਖਿਆ ਤੇ ਆਪਣਾ ਪ੍ਰਭਾਵ ਪਾਇਆ ਅਤੇ ਅੰਤ ਵਿੱਚ ਸਿੱਖਿਆ ਦਰਸ਼ਨ ਮੰਨੇ ਜਾਣ ਲੱਗ ਪਏ। ਸੱਚ ਤਾਂ ਇਹ ਹੈ ਕਿ ਦਰਸ਼ਨ, ਸਿੱਖਿਆ ਨੂੰ ਜਨਮ ਦਿੰਦੇ ਹਨ ਅਤੇ ਸਾਰੇ ਸਿੱਖਿਆ ਦਰਸ਼ਨਾਂ ਦਾ ਜਨਮ ਦਰਸ਼ਨਾਂ ਤੋਂ ਹੋਇਆ ਹੈ।

5. ਇਨ੍ਹਾਂ ਦੋਹਾਂ ਦਾ ਆਪਸੀ ਸੰਬੰਧ ਇਸ ਤੱਥ ਤੋਂ ਹੀ ਸਪੱਸ਼ਟ ਹੈ ਕਿ ਦਰਸ਼ਨਾਂ ਦੀਆਂ ਸਾਰੀਆਂ ਪੁਸਤਕਾਂ ਆਮ ਕਰਕੇ ਸਿੱਖਿਆ ਦੀਆਂ ਪੁਸਤਕਾਂ ਹੁੰਦੀਆਂ ਹਨ। ਪਲੈਟੋ ਦੀ ਪੁਸਤਕ 'ਰਿਪਬਲਿਕ' ਸਿੱਖਿਆ ਦੀ ਸਭ ਤੋਂ ਮਹਾਨ ਪੁਸਤਕ ਹੈ। ਇਸ ਪ੍ਰਕਾਰ ਰੂਸੋ ਦੀ ਪੁਸਤਕ 'ਇਮੀਲੇ' (Emile) ਨੂੰ ਸਿੱਖਿਆ ਦੀ ਸਭ ਤੋਂ ਵਧੀਆ ਪੁਸਤਕ ਮੰਨਿਆ ਜਾਂਦਾ ਹੈ। ਟੈਗੋਰ ਅਤੇ ਗਾਂਧੀ ਦੀਆਂ ਦਾਰਸ਼ਨਿਕ ਲਿਖਤਾਂ ਨੂੰ ਸਿੱਖਿਆ ਲਈ ਬਹੁਤ ਲਾਭਦਾਇਕ ਦੇਣ ਸਮਝਿਆ ਜਾਂਦਾ ਹੈ। ਇਸੇ ਪ੍ਰਕਾਰ ਅਸੀਂ ਅਰਸਤੂ ਦੇ ਸਿੱਖਿਆ ਦਰਸ਼ਨ ਸੰਬੰਧੀ ਗਿਆਨ ਉਨ੍ਹਾਂ ਦੀ ਪੁਸਤਕ 'ਪੋਲੀਟਿਕਸ' ਤੋਂ ਪ੍ਰਾਪਤ ਕਰ ਸਕਦੇ ਹਾਂ।

6. ਸਿੱਖਿਆ ਦੀ ਦਰਸ਼ਨ ਉੱਤੇ ਨਿਰਭਰਤਾ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਸਿੱਖਿਆ ਦੇ ਉਦੇਸ਼ ਜੀਵਨ ਦੇ ਉਦੇਸ਼ਾਂ ਨਾਲ ਸੰਬੰਧਤ ਹੁੰਦੇ ਹਨ ਅਤੇ ਜੀਵਨ ਦੇ ਉਦੇਸ਼ ਇਕ ਅਜਿਹਾ ਪ੍ਰਸ਼ਨ ਹਨ ਜਿਸ ਦਾ ਉੱਤਰ ਕੇਵਲ ਦਰਸ਼ਨ ਹੀ ਦੇ ਸਕਦਾ ਹੈ। ਸਿੱਖਿਆ ਦੇ ਉਦੇਸ਼ ਪਾਠ-ਕ੍ਰਮ ਅਤੇ ਸਿੱਖਿਆ ਵਿਧੀਆਂ ਜੀਵਨ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਬਣਾਈਆਂ ਜਾਂਦੀਆਂ ਹਨ।

7. ਦਰਸ਼ਨ ਨਿਸ਼ਾਨੇ ਨਿਸ਼ਚਿਤ ਕਰਦਾ ਹੈ ਅਤੇ ਸਿੱਖਿਆ ਇਨ੍ਹਾਂ ਨਿਸ਼ਾਨਿਆਂ ਨੂੰ ਪ੍ਰਾਪਤ ਕਰਦੀ ਹੈ। ਇਸ ਪ੍ਰਕਾਰ ਸਿੱਖਿਆ ਉਹ ਸਾਧਨ ਹੈ ਜਿਸ ਰਾਹੀਂ ਦਰਸ਼ਨ ਦੁਆਰਾ ਨਿਰਧਾਰਿਤ ਕੀਤੇ ਗਏ ਨਿਸ਼ਾਨੇ ਪ੍ਰਾਪਤ ਕੀਤੇ ਜਾਂਦੇ ਹਨ। ਇਸ ਗੱਲ ਨੂੰ ਅਸੀਂ ਇੰਜ ਵੀ ਕਹਿ ਸਕਦੇ ਹਾਂ ਕਿ ਜਦੋਂ ਦਰਸ਼ਨ ਸਿਧਾਂਤ ਹੈ ਅਤੇ ਸਿੱਖਿਆ ਅਮਲ ਹੈ ਤਾਂ ਸਿੱਖਿਆ ਕਿਰਿਆਸ਼ੀਲ ਦਰਸ਼ਨ ਹੈ।

8. ਦਰਸ਼ਨ ਸਦਾ ਹੀ ਸਿੱਖਿਆ ਦੇ ਹਰ ਪੱਖ ਨੂੰ ਠੀਕ ਰੂਪ ਦੇਣ ਲਈ ਸਹਾਇਤਾ ਕਰਦਾ ਆਇਆ ਹੈ। ਸਿੱਖਿਆ ਸੰਬੰਧੀ ਅਣਗਿਣਤ ਸਮੱਸਿਆਵਾਂ ਦਾ ਹੱਲ ਕੇਵਲ ਦਰਸ਼ਨ ਦੁਆਰਾ ਹੀ ਹੁੰਦਾ ਹੈ। ਜੇਕਰ ਬੱਚੇ ਨੂੰ ਸਿੱਖਿਆ ਦੇਣੀ ਹੈ ਤਾਂ ਇਹ ਸਿੱਖਿਆ ਕਿਉਂ ਦੇਣੀ ਹੈ? ਪਾਠਕ੍ਰਮ ਕੀ ਹੋਣਾ ਚਾਹੀਦਾ ਹੈ? ਆਦਿ ਸਭ ਪ੍ਰਸ਼ਨ ਦਰਸ਼ਨ ਦੁਆਰਾ ਹੀ ਨਜਿੱਠੇ ਜਾਂਦੇ ਹਨ।

### 1.4.5 ਚੰਗਾ ਸਿੱਖਿਆ-ਦਰਸ਼ਨ (A Good Educational Philosophy)

**1. ਇੱਕ ਚੰਗਾ ਸਿੱਖਿਆ ਦਰਸ਼ਨ ਕੇਵਲ ਸਿਧਾਂਤ ਨਹੀਂ ਹੁੰਦਾ :** ਵਿਗਿਆਨ ਅਤੇ ਟੈਕਨਾਲੋਜੀ ਦੇ ਵਿਕਾਸ ਨੇ ਸਿੱਖਿਆ ਸੰਬੰਧੀ ਵਿਚਾਰਾਂ ਨੂੰ ਹੋਰ ਜ਼ਿਆਦਾ ਆਲੋਚਨਾਤਮਿਕ ਰੂਪ ਦੇ ਕੇ ਸਿੱਖਿਆ ਦਰਸ਼ਨ ਨੂੰ ਵੱਧ ਸਵੱਸਥ ਬਣਾਇਆ ਹੈ। ਮਨੋ-ਵਿਗਿਆਨੀ ਜਿਹੇ ਮੁੱਢਲੇ ਵਿਗਿਆਨਾਂ ਦੇ ਤੱਥਾਂ ਦੇ ਗਿਆਨ ਨੇ ਕਈ ਸਿੱਖਿਆ ਸੰਬੰਧੀ ਸਮੱਸਿਆਵਾਂ ਦਾ ਸਨਮਾਨ ਕੀਤਾ ਹੈ ਜਿਨ੍ਹਾਂ ਦਾ ਸੰਬੰਧ ਬੱਚੇ ਦੇ ਵਿਵਹਾਰ ਨਾਲ ਅਤੇ ਉਨਾਂ ਸਮਾਜਿਕ ਸੰਬੰਧਾਂ ਨਾਲ ਹੈ ਜਿਨ੍ਹਾਂ ਵਿੱਚ ਬੱਚੇ ਨੇ ਭਾਗ ਲੈਣਾ ਹੁੰਦਾ ਹੈ।

**2. ਦੂਜਾ ਗੁਣ : ਸਿੱਖਿਆ ਦੇ ਉਦੇਸ਼ ਸਪੱਸ਼ਟ ਰੂਪ ਵਿੱਚ ਮਿੱਥੇ ਹੋਣੇ ਚਾਹੀਦੇ ਹਨ:** ਕਿਸੇ ਵੀ ਸਿੱਖਿਆ ਦਰਸ਼ਨ ਦੇ ਵਿਕਾਸ ਵਿਚ ਇਹ ਸਭ ਤੋਂ ਮਹੱਤਵਪੂਰਨ ਪੜਾਅ ਹੈ। ਸਿੱਖਿਆ ਦੇ ਉਦੇਸ਼ ਉਤੇ ਵਿਧੀਆਂ,

ਸੰਗਠਨ ਦੀ ਯੋਜਨਾ ਅਤੇ ਵਿਸ਼ਾ-ਵਸਤੂ ਦੀ ਚੋਣ ਨਿਰਭਰ ਕਰਦੀ ਹੈ। ਇਸ ਬਾਰੇ ਕਾਫੀ ਮੱਤਭੇਦ ਹੈ ਕਿ ਸਿੱਖਿਆ ਦਾ ਉਦੇਸ਼ ਵਿਅਕਤਿਤਵ ਦਾ ਵਿਕਾਸ ਹੋਣਾ ਚਾਹੀਦਾ ਹੈ ਜਾਂ ਸਮਾਜਿਕ ਭਲਾਈ। ਸਿੱਖਿਆ ਨੂੰ ਇਨਾਂ ਦੋਹਾਂ ਮੁੱਢਲੇ ਨਿਸ਼ਾਨਿਆਂ ਸੰਬੰਧੀ ਬਿਲਕੁਲ ਸਪੱਸ਼ਟ ਹੋਣਾ ਚਾਹੀਦਾ ਹੈ। ਪਰੰਤੂ ਇਹ ਦੋਨੋਂ ਉਦੇਸ਼ ਇਕ ਦੂਜੇ ਦੇ ਵਿਰੋਧੀ ਨਹੀਂ ਹਨ ਕਿਉਂਕਿ ਦੇਸ਼ ਵਾਸੀਆਂ ਵਿਚ ਵਿਅਕਤਿਤਵ ਦੇ ਸੁਤੰਤਰ ਵਿਕਾਸ ਨਾਲ ਸਮੁਦਾਇ ਨੂੰ ਵੀ ਬਹੁਤ ਲਾਭ ਹੁੰਦਾ ਹੈ।

**3. ਚੰਗੇ ਸਿੱਖਿਆ ਦਰਸ਼ਨ ਦਾ ਤੀਜਾ ਤੱਤ ਇਹ ਹੈ ਕਿ ਮੂਲ ਸਿਧਾਤਾਂ ਦੇ ਮੁਲਾਂਕਣ ਲਈ ਯੋਗ ਪ੍ਰਬੰਧ ਹੋਵੇ:** ਮੁਲਾਂਕਣ ਸਿੱਖਿਆ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ। ਮੁਲਾਂਕਣ ਕਠਿਨ ਹੋ ਸਕਦਾ ਹੈ ਕਿਉਂਕਿ ਇਸ ਸੰਬੰਧੀ ਸਿੱਖਿਆ ਸ਼ਾਸਤਰੀਆਂ ਦੇ ਵਿਚਾਰ ਨਿੱਜੀ ਅਤੇ ਭਿੰਨ-ਭਿੰਨ ਹੋ ਸਕਦੇ ਹਨ। ਪਰ ਸਾਨੂੰ ਵਿਚਾਰਾਂ ਦੀ ਇਸ ਭਿੰਨਤਾ ਤੋਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਉਦੇਸ਼ਾਂ ਦਾ ਠੀਕ ਮੁਲਾਂਕਣ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਇਕ ਸਿੱਖਿਆ ਪ੍ਰਣਾਲੀ ਦੇ ਤਿੰਨ ਜ਼ਰੂਰੀ ਗੁਣ ਹਨ:

1. ਇਹ ਵਿਗਿਆਨਾਂ ਦੇ ਮੁੱਢਲੇ ਤੱਥ ਦੇ ਗਿਆਨ ਤੇ ਆਧਾਰਿਤ ਹੋਣਾ ਚਾਹੀਦੀ ਹੈ।
2. ਉਦੇਸ਼ ਤੇ ਨਿਸ਼ਾਨੇ ਸਪੱਸ਼ਟ ਰੂਪ ਵਿੱਚ ਨਿਰਧਾਰਿਤ ਹੋਣੀ ਚਾਹੀਦੇ ਹਨ।
3. ਉਤਪਾਦਨ ਕੀਤੀ ਗਈ ਵਸਤੂ ਦੇ ਮੁਲਾਂਕਣ ਲਈ ਸਪੱਸ਼ਟ ਪ੍ਰਣਾਲੀ ਹੋਣੀ ਚਾਹੀਦੀ ਹੈ।

ਅਜਿਹੇ ਸਿੱਖਿਆ ਦਰਸ਼ਨ ਦੀ ਬੇਹੱਦ ਲੋੜ ਹੈ ਕਿਉਂਕਿ ਇਸਦੀ ਅਣਹੋਂਦ ਵਿਚ ਜਾਂ ਤਾਂ ਸਿੱਖਿਆ ਇਕ ਮਸ਼ੀਨ ਬਣ ਕੇ ਰਹਿ ਜਾਂਦੀ ਹੈ ਜਾਂ ਫਿਰ ਗਲਤ ਅਤੇ ਬੇਕਾਰ ਤੇ ਨਵੇਂ ਤਜਰਬਿਆਂ ਦੀ ਸ਼ਿਕਾਰੀ ਬਣ ਜਾਂਦੀ ਹੈ।

## 1.4.6 ਸਿੱਖਿਆ ਦਰਸ਼ਨ ਸ਼ਾਸਤਰ ਅਤੇ ਸਿੱਖਿਆ (Educational Philosophy)

ਸਿੱਖਿਆ ਪ੍ਰਣਾਲੀ ਦਾ ਮਹਿਲ ਦਾਰਸ਼ਨਿਕ ਵਿਚਾਰਧਾਰਾ ਦੀਆਂ ਨੀਹਾਂ ਉੱਤੇ ਖੜਾ ਕੀਤਾ ਜਾਂਦਾ ਹੈ। ਸਮਾਜ ਦੀਆਂ ਵੱਖ-ਵੱਖ ਸ਼੍ਰੇਣੀਆਂ ਸਿੱਖਿਆ ਤੋਂ ਬਹੁਤ ਸਾਰੀਆਂ ਮੰਗਾਂ ਕਰਦੀਆਂ ਹਨ ਜੋ ਕਿ ਵਿਰੋਧੀ ਹੁੰਦੀਆਂ ਹਨ, ਅਜਿਹੀ ਹਾਲਤ ਵਿੱਚ ਸਿੱਖਿਆ ਕੀ ਕਰੇ। ਇਸ ਦਾ ਉੱਤਰ ਦੇਣ ਦਾ ਯਤਨ ਸਿੱਖਿਆ ਦਰਸ਼ਨ ਪੂਰੀ ਹਿੰਮਤ ਨਾਲ ਕਰਦਾ ਹੈ। ਸਿੱਖਿਆ ਸੰਬੰਧੀ ਹਰ ਇਕ ਗੱਲ ਦਾ ਸਰੂਪ ਨਿਰਧਾਰਣ ਕਰਨ ਵਿੱਚ ਸਿੱਖਿਆ ਦਰਸ਼ਨ ਸਹਾਇਤਾ ਕਰਦਾ ਹੈ। ਇਹ ਸਿੱਖਿਆ ਦੇ ਵੱਖ-ਵੱਖ ਖੇਤਰਾਂ ਵਿੱਚ ਸੰਬੰਧਿਤ ਹਜ਼ਾਰਾਂ ਪ੍ਰਸ਼ਨਾਂ ਦੇ ਉੱਤਰ ਪੇਸ਼ ਕਰਦਾ ਹੈ। ਸਿੱਖਿਆ-ਦਰਸ਼ਨ ਵਿਅਕਤੀ, ਸਮਾਜ, ਪਰਿਵਾਰ, ਸਮੁਦਾਇ ਅਤੇ ਰਾਜ ਦੀਆਂ ਮੰਗਾਂ ਵਿਚ ਇਕਸਾਰਤਾ ਲਿਆਉਣ ਲਈ ਸਹਾਇਤਾ ਕਰਦਾ ਹੈ। ਇਸ ਪ੍ਰਕਾਰ ਇਹ ਵਿਚਾਰਧਾਰਾ ਦੀ ਏਕਤਾ ਪ੍ਰਦਾਨ ਕਰਦਾ ਹੈ। ਸਿੱਖਿਆ-ਦਰਸ਼ਨ ਸਿੱਖਿਅਕ ਨੂੰ ਵਿਸਤ੍ਰਿਤ ਵਿਚਾਰਾਂ ਵਾਲਾ, ਨਿਆਂ ਪੂਰਣ ਫੈਸਲੇ ਲੈਣ ਵਾਲਾ, ਸਹਿਣਸ਼ੀਲ, ਨਿਸਵਾਰਥ ਦ੍ਰਿਸ਼ਟੀਕੋਣ ਵਾਲਾ ਵਿਅਕਤੀ ਬਣਾਉਂਦਾ ਹੈ। ਸਿੱਖਿਆ ਦਰਸ਼ਨ ਦਾ ਸਿੱਖਿਅਕ ਨੂੰ ਵੱਡਾ ਲਾਭ ਹੁੰਦਾ ਹੈ ਕਿ ਉਹ ਆਮ ਲੋਕਾਂ ਦੀ ਤਰ੍ਹਾਂ ਕੰਮ ਕਰਨ ਦੀ ਬਜਾਏ, ਪੂਰੀ ਤਰ੍ਹਾਂ ਸੋਚ ਵਿਚਾਰ ਕੇ ਅਤੇ ਤਰਕ ਦੀ ਕਸੌਟੀ ਤੇ ਕੱਸ ਕੇ, ਕੰਮ ਕਰਦਾ ਹੈ। ਇਸ ਪ੍ਰਕਾਰ ਸਿੱਖਿਆ ਦਰਸ਼ਨ ਦਾ ਖੇਤਰ ਬਹੁਤ ਵਿਸਤ੍ਰਿਤ ਹੈ ਅਤੇ ਹਮੇਸ਼ਾਂ ਹੀ ਵੱਧਦਾ ਰਿਹਾ ਹੈ। ਸਿੱਖਿਆ ਦਰਸ਼ਨ ਦਾ ਖੇਤਰ ਸਿੱਖਿਆ ਦੇ ਨਿਮਨ ਲਿਖਿਤ ਪੱਖਾਂ ਨਾਲ ਸੰਬੰਧਿਤ ਹੈ।

## ਸਿੱਖਿਆ ਦਰਸ਼ਨ ਅਤੇ ਸਿੱਖਿਆ ਦੇ ਉਦੇਸ਼ (Educational Philosophy and Aims of Education):

ਬੋਡੇ (Bode) ਦੇ ਅਨੁਸਾਰ, ''ਜੇਕਰ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਦੇ ਕੰਮ ਵਿਚ ਸਾਡਾ ਪੱਖ ਪ੍ਰਦਰਸ਼ਨ ਕਰਨ ਲਈ ਕੋਈ ਦਰਸ਼ਨ ਨਹੀਂ ਹੈ ਤਾਂ ਅਸੀਂ ਕਦੇ ਵੀ ਇਸ ਕੰਮ ਵਿਚ ਸਫਲ ਨਹੀਂ ਹੋ ਸਕਦੇ।'' ਉਦੇਸ਼ਾਂ ਤੋਂ ਬਗੈਰ ਸਾਰੀ ਸਿੱਖਿਆ ਪ੍ਰਕਿਰਿਆ ਹੀ ਅਰਥਹੀਨ ਹੈ। ਜੇਕਰ ਉਦੇਸ਼ ਦਾਰਸ਼ਨਿਕ ਵਿਚਾਰਧਾਰਾ ਦੀ ਕਸੌਟੀ ਤੇ ਕੱਸ ਕੇ ਬਣਾਏ ਗਏ ਹਨ ਤਾਂ ਉਹ ਬੱਚਿਆਂ ਨੂੰ ਪੜ੍ਹਾਉਣ ਵਿਚ ਬਹੁਤ ਸਹਾਈ ਸਿੱਧ ਹੁੰਦੇ ਹਨ ਉਹ ਜੀਵਨ ਦੇ ਉਦੇਸ਼ਾਂ ਨਾਲ ਸੰਬੰਧਤ ਹਨ, ਕਿਉਂਕਿ ਦਰਸ਼ਨ ਆਦਰਸ਼ ਅਤੇ ਕਦਰਾਂ-ਕੀਮਤਾਂ ਨਿਰਧਾਰਿਤ ਕਰਦਾ ਹੈ ਇਸ ਲਈ ਸਿੱਖਿਆ ਨੇ ਉਨ੍ਹਾਂ ਨੂੰ ਮੰਨਣਾ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਸਿੱਖਿਆ ਦੇ ਉਦੇਸ਼ ਜੀਵਨ ਦੇ ਸਦੀਵੀਂ ਤੇ ਪ੍ਰਚਲਿਤ ਦਰਸ਼ਨ ਤੇ ਨਿਰਭਰ ਕਰਦੇ ਹਨ। ਇਹੀ ਕਾਰਨ ਹੈ ਕਿ ਜੀਵਨਧਾਰਾ ਬਦਲਣ ਨਾਲ ਸਿੱਖਿਆ ਦੇ ਉਦੇਸ਼ ਵੀ ਬਦਲ ਜਾਂਦੇ ਹਨ। ਵੱਖ-ਵੱਖ ਸਮਾਜਾਂ ਵਿੱਚ ਸਿੱਖਿਆ ਦੇ ਉਦੇਸ਼ ਵੀ ਵੱਖ-ਵੱਖ ਹੁੰਦੇ ਹਨ, ਕਿਉਂਕਿ ਉਨ੍ਹਾਂ ਵਿੱਚ ਭਿੰਨਤਾਵਾਂ

ਹੁੰਦੀਆਂ ਹਨ। ਸਿੱਖਿਆ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਜੇਕਰ ਸਿੱਖਿਆ ਦੇ ਉਦੇਸ਼ ਦਾਰਸ਼ਨਿਕ ਵਿਚਾਰਧਾਰਾ ਅਨੁਸਾਰ ਨਹੀਂ ਮਿੱਥੇ ਜਾਂਦੇ ਤਾਂ ਇਹ ਉਦੇਸ਼ ਕਿਸੇ ਕਿਸਮ ਦੀ ਸੇਧ ਨਹੀਂ ਦੇ ਸਕਦੇ। ਇਸ ਲਈ ਇਹ ਕਹਿਣਾ ਠੀਕ ਹੀ ਹੋਵੇਗਾ ਕਿ ਸਿੱਖਿਆ, ਉਦੇਸ਼ ਲੜੀ ਦਰਸ਼ਨ ਤੇ ਨਿਰਭਰ ਹੈ। ਦਰਸ਼ਨ ਦੁਆਰਾ ਨਿਰਧਾਰਿਤ ਉਦੇਸ਼ ਸਿੱਖਿਆ ਨੂੰ ਇਕ ਨਿਸ਼ਾਨਾ ਅਤੇ ਇਕ ਸੇਧ ਪ੍ਰਦਾਨ ਕਰਦੇ ਹਨ।

**ਸਿੱਖਿਆ ਦਰਸ਼ਨ ਅਤੇ ਪਾਠ-ਕ੍ਰਮ (Educational Philosophy and Curriculum)**

ਬੱਚਿਆਂ ਨੂੰ ਬਦਲਦੀਆਂ ਸਮਾਜਿਕ ਸਥਿਤੀਆਂ ਵਿਚ ਜੀਵਨ ਬਤੀਤ ਕਰਨ ਦੀ ਤਿਆਰੀ ਲਈ ਕਿਹੜਾ ਪਾਠ-ਕ੍ਰਮ ਹੋਣਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਵੀ ਸਿੱਖਿਆ ਦਰਸ਼ਨ ਦਿੰਦਾ ਹੈ। ਦਰਸ਼ਨ ਸਾਨੂੰ ਦੱਸਦਾ ਹੈ ਕਿ ਠੀਕ ਕੀ ਹੈ ਅਤੇ ਗਲਤ ਕੀ ਹੈ। ਬੱਚੇ ਨੂੰ ਕੀ ਗਿਆਨ ਦਿੱਤਾ ਜਾਵੇ, ਇਸ ਸੰਬੰਧੀ ਵੱਖ-ਵੱਖ ਦਰਸ਼ਨ ਵੱਖ-ਵੱਖ ਸੁਝਾਅ ਦਿੰਦੇ ਹਨ। ਕੁਝ (ਜਿਵੇਂ ਕਿ ਆਦਰਸ਼ਵਾਦੀ) ਨੇ ਪੁਰਾਤਨ ਵਿਸ਼ਿਆਂ ਦੀ ਪੜ੍ਹਾਈ ਦੀ ਸਲਾਹ ਦਿੱਤੀ ਹੈ ਜਦੋਂ ਕਿ ਪ੍ਰਕਿਰਤੀਵਾਦੀ ਵਿਗਿਆਨਾਂ ਦੀ ਪੜ੍ਹਾਈ ਤੇ ਜ਼ੋਰ ਦਿੰਦੇ ਹਨ।

ਵੱਖ-ਵੱਖ ਵਿਸ਼ਿਆਂ ਨੂੰ ਕਿੰਨਾ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ? ਇਸ ਪ੍ਰਸ਼ਨ ਦਾ ਉੱਤਰ ਵੀ ਸਿੱਖਿਆ ਦਰਸ਼ਨ ਦਿੰਦਾ ਹੈ। ਸਿੱਖਿਆ ਦਰਸ਼ਨ ਇਹ ਵੀ ਕਹਿਦਾ ਹੈ ਕਿ ਪਾਠ-ਕ੍ਰਮ ਸਦਾ ਹੀ ਸਮਾਜ ਦੀ ਬਦਲਦੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਹ ਲਾਭਦਾਇਕ ਹੋਣਾ ਚਾਹੀਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਾਠ-ਕ੍ਰਮ ਬਣਾਉਣ ਵੇਲੇ ਜਿਹੜੇ ਝਗੜੇ ਤੇ ਵਿਰੋਧ ਪੈਦਾ ਹੁੰਦੇ ਹਨ, ਉਨ੍ਹਾਂ ਦਾ ਨਿਪਟਾਰਾ ਸਿੱਖਿਆ-ਦਰਸ਼ਨ ਦੁਆਰਾ ਹੀ ਹੁੰਦਾ ਹੈ। ਆਧੁਨਿਕ ਵਿਚਾਰਧਾਰਾ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਪਾਠ-ਕ੍ਰਮ ਵਿੱਚ ਬੱਚਿਆਂ ਦੀ ਵੱਖ-ਵੱਖ ਪ੍ਰਵਿਰਤੀ ਦੇ ਸਮਾਯੋਜਨ ਯੋਗਤਾ ਹੋਵੇ। ਦਾਰਸ਼ਨਿਕ ਵਿਚਾਰਧਾਰਾ ਦਾ ਪ੍ਰਭਾਵ ਪਾਠ-ਕ੍ਰਮ ਤੇ ਜ਼ਰੂਰ ਹੀ ਪੈਂਦਾ ਹੈ।

**ਸਿੱਖਿਆ ਦਰਸ਼ਨ ਅਤੇ ਅਧਿਆਪਨ ਵਿਧੀਆਂ (Educational Philosophy and Teaching Methods)**

ਅਧਿਆਪਨ ਵਿਧੀਆਂ ਵੀ ਸਿੱਖਿਆ-ਦਰਸ਼ਨ ਦੀ ਲੋਅ ਵਿਚ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਉਦਾਹਰਣ ਦੇ ਤੌਰ ਤੇ ਪ੍ਰਕਿਰਤੀਵਾਦੀ ਅਧਿਆਪਨ ਵਿਧੀਆਂ ਆਦਰਸ਼ਵਾਦੀ ਅਧਿਆਪਨ ਵਿਧੀਆਂ ਤੋਂ ਬਿਲਕੁਲ ਭਿੰਨ ਹਨ। ਪ੍ਰਕਿਰਤੀਵਾਦੀ ਅਧਿਆਪਕ ਨੂੰ ਕੋਈ ਮਹੱਤਵ ਨਹੀਂ ਦਿੰਦੇ, ਪਰ ਆਦਰਸ਼ਵਾਦ ਵਿਚ ਅਧਿਆਪਕ ਵਿਦਿਆਰਥੀਆਂ ਲਈ ਇੱਕ ਆਦਰਸ਼ ਹੁੰਦਾ ਹੈ। ਕੀ ਸ਼੍ਰੇਣੀ ਵਿਚ ਅਧਿਆਪਕ ਦੀ ਪ੍ਰਭੂਤਾ ਹੋਵੇ, ਜਾਂ ਉਹ ਕੇਵਲ ਵਡੇਰਾ ਭਾਗੀਦਾਰ ਹੀ ਹੋਵੇ? ਕੀ ਬੱਚੇ ਨੂੰ ਪੂਰਣ, ਹਰ ਪ੍ਰਕਾਰ ਦੀ ਸੁਤੰਤਰਤਾ ਦਿੱਤੀ ਜਾਵੇ, ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਸਿੱਖਿਆ-ਦਰਸ਼ਨ ਦਿੰਦਾ ਹੈ। ਇਸ ਲਈ ਸਪੱਸ਼ਟ ਹੈ ਕਿ ਅਧਿਆਪਨ ਵਿਧੀਆਂ ਨੂੰ ਅਧਿਆਪਕ ਦੇ ਵਿਅਕਤਿਤਵ ਅਤੇ ਉਸਦੇ ਫਲਸਫੇ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ।

**ਸਿੱਖਿਆ ਦਰਸ਼ਨ ਅਤੇ ਅਨੁਸ਼ਾਸ਼ਨ (Educational Philosophy and Discipline)**

ਅਨੁਸਾਸ਼ਨ ਦਾ ਸਿੱਖਿਆ ਦਰਸ਼ਨ ਨਾਲ ਬਹੁਤ ਗੂੜ੍ਹਾ ਸੰਬੰਧ ਹੈ ਕਿਉਂਕਿ ਸੰਸਥਾ ਵਿੱਚ ਅਨੁਸਾਸ਼ਨ ਸਾਡੇ ਸਿੱਖਿਆ ਫਲਸਫੇ ਤੇ ਨਿਰਭਰ ਕਰਦਾ ਹੈ। ਉਦਾਹਰਣ ਵਜੋਂ ਆਦਰਸ਼ਵਾਦੀ ਅਨੁਸਾਸ਼ਨ ਬਹੁਤ ਸਖਤ ਹੁੰਦਾ ਹੈ ਜਦੋਂ ਕਿ ਪ੍ਰਕਿਰਤੀਵਾਦੀ ਵਿਚ ਕੜੇ ਅਨੁਸਾਸ਼ਨ ਦੀ ਥਾਂ ਬੱਚੇ ਦੀ ਸੁਤੰਤਰਤਾ ਅਤੇ ਪ੍ਰਕਿਰਤਿਕ ਵਿਕਾਸ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ।

**ਸਿੱਖਿਆ ਦਰਸ਼ਨ ਅਤੇ ਪਾਠ-ਪੁਸਤਕਾਂ (Educational Philosophy and Text-Books)**

ਵੱਖ-ਵੱਖ ਦਰਸ਼ਨ ਸ਼ਾਸ਼ਤਰ ਸਾਨੂੰ ਸਾਡੀਆਂ ਪਾਠ-ਪੁਸਤਕਾਂ ਬਾਰੇ ਸਿੱਖਿਅਤ ਕਰਦੇ ਹਨ। ਇੱਕ ਵਧੀਆ ਪਾਠ ਪੁਸਤਕ ਨੂੰ ਆਪਣੇ ਦਰਸ਼ਨ-ਸ਼ਾਸ਼ਤਰ ਨੂੰ ਭਲੀ-ਭਾਂਤੀ ਦਰਸਾਉਣਾ ਪੈਂਦਾ ਹੈ। ਆਦਰਸ਼ਵਾਦ ਅਨੁਸਾਰ ਪਾਠ-ਪੁਸਤਕ ਨੂੰ ਲੇਖਕ ਦੇ ਵਿਅਕਤੀਤਵ ਨੂੰ ਦਰਸਾਉਣਾ ਚਾਹੀਦਾ ਹੈ। ਪ੍ਰਕਿਰਤੀਵਾਦੀ ਚਾਹੁੰਦੇ ਹਨ ਕਿ ਪੁਸਤਕ ਵਿੱਚ ਤਸਵੀਰਾਂ ਤੇ ਉਦਾਹਰਨਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬੱਚਿਆਂ ਵਿੱਚ ਰੁੱਚੀ ਉਤਪੰਨ ਹੋਵੇ। ਪ੍ਰਯੋਜਨਾਵਾਦੀ ਤਾਂ ਉਸ ਤੱਥ ਤੋਂ ਸੰਤੁਸ਼ਟ ਹੋ ਜਾਂਦੇ ਹਨ, ਜਿਸ ਵਿੱਚ ਤੱਥਾਂ ਦੀ ਉਦੇਸ਼ਾਂ ਪੂਰਨ ਵਿਆਖਿਆ ਸਿਧਾਂਤਕ ਕ੍ਰਮ ਵਿੱਚ ਹੋਵੇ।

**ਸਿੱਖਿਆ ਦਰਸ਼ਨ ਅਤੇ ਅਧਿਆਪਕ (Educational Philosophy and Teacher)**

ਇੱਕ ਅਧਿਆਪਕ ਜੋ ਜ਼ਿੰਦਗੀ ਅਤੇ ਸਿੱਖਿਆ ਦੇ ਦਰਸ਼ਨ ਸ਼ਾਸਤਰ ਬਾਰੇ ਚੰਗੀ ਤਰ੍ਹਾਂ ਜਾਗਰਿਤ ਹੋਵੇ, ਉਹ ਆਪਣੇ ਕਿੱਤੇ ਵਿੱਚ ਬਹੁਤ ਸਫਲ ਹੁੰਦਾ ਹੈ। ਪ੍ਰਕਿਰਤੀਵਾਦੀ ਅਧਿਆਪਕ ਦਾ ਸਥਾਨ ਪਰਦੇ ਦੇ ਪਿੱਛੇ ਸਮਝਦੇ ਹਨ। ਆਦਰਸ਼ਵਾਦੀ ਅਧਿਆਪਕ ਨੂੰ ਸਭ ਤੋਂ ਉੱਚਾ ਸਥਾਨ ਦਿੰਦੇ ਹਨ। ਪ੍ਰਯੋਜਨਵਾਦੀ ਅਧਿਆਪਕ ਦੇ ਸਥਾਨ ਸੰਬੰਧੀ ਵਿਚਕਾਰਲਾ ਰਸਤਾ ਅਪਣਾਉਂਦੇ ਹਨ।

ਸਿੱਖਿਆ ਦੀ ਕਲਾ ਦਰਸ਼ਨ-ਸ਼ਾਸਤਰ ਤੋਂ ਬਿਨਾਂ ਆਪਣੇ ਅੰਦਰ ਪੂਰਨ ਸ਼ੁੱਧਤਾ ਪ੍ਰਾਪਤ ਨਹੀਂ ਕਰ ਸਕਦੀ। ਕਿਉਂਕਿ ਦਰਸ਼ਨ-ਸ਼ਾਸਤਰ ਨੂੰ ਸਿੱਖਿਆ ਦਾ ਆਧਾਰ ਮੰਨਿਆ ਜਾਂਦਾ ਹੈ।

***1.4.7* ਸਿੱਖਿਆ ਦਾ ਦਰਸ਼ਨ ਸ਼ਾਸਤਰ :**

ਇਸ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੱਖਿਆ ਦਾ ਫਲਸਫ਼ਾ ਹਮੇਸ਼ਾ ਹੀ ਸਿੱਖਿਆ ਦੀ ਹਰ ਪੱਧਰ ਵਿੱਚ ਹੋਂਦ ਵਿਚ ਰਹਿੰਦਾ ਹੈ, ਪਰ ਪਿਛੋਕੜ ਵਿਚ ਰਹਿੰਦਾ ਹੈ ਅਤੇ ਸਾਹਮਣੇ ਉਸ ਸਮੇਂ ਆਉਂਦਾ ਹੈ ਜਦੋਂ ਦੂਸਰੀਆਂ ਵਿਧੀਆਂ ਕਾਰਗਰ ਨਾ ਹੋਣ। ਇਸ ਪ੍ਰਕਾਰ ਸਿੱਖਿਆ ਦੇ ਖੇਤਰ ਵਿਚ ਕੋਈ ਉਹ ਕਾਰਵਾਈ ਨਹੀਂ ਹੁੰਦੀ ਜੋ ਕਿ ਸਿੱਧੇ ਜਾਂ ਫੇਰ ਅਸਿੱਧੇ ਢੰਗ ਨਾਲ ਚਾਲੂ ਨਹੀਂ ਰਹਿੰਦੀ ਤੇ ਉਸ ਨੂੰ ਪ੍ਰਭਾਵਿਤ ਨਹੀਂ ਕਰਦੀ। ਮੂਲ ਰੂਪ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖਿਆ ਦੇ ਸਾਰੇ ਪੱਖ ਫਸਲਫ਼ੇ ਦੇ ਘੇਰੇ ਵਿਚ ਆ ਜਾਂਦੇ ਹਨ, ਤੇ ਫਲਸਫ਼ੇ ਦੀ ਓਟ ਤੋਂ ਬਗੈਰ ਸਿੱਖਿਆ ਅੰਨ੍ਹੀ ਹੋ ਜਾਂਦੀ ਹੈ। ਇਹ ਇੱਕ ਖਾਸ ਮਨੁੱਖ ਜਾਂ ਸੰਸਥਾ ਦੇ ਸਿੱਟੇ ਦੀ ਜਗ੍ਹਾ ਕਿਸੇ ਵਿਧੀ ਜਾਂ ਪ੍ਰਕ੍ਰਿਆ ਦਾ ਜ਼ਰੂਰੀ ਸਿੱਖਿਅਕ ਤਜ਼ਰਬਾ ਹੈ। ਉਹ ਖਾਸ ਪ੍ਰਕ੍ਰਿਆ ਦਾਰਸ਼ਨਿਕ ਬਣਦੀ ਹੈ ਜੋ ਉਹ ਆਲੋਚਨਾਤਮਕ, ਵਿਆਪਕ ਤੇ ਸੰਸ਼ਲੇਸ਼ਣਾਤਮਕ ਹੋਵੇ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਸਿੱਖਿਅਕ ਸਮੱਸਿਆਵਾਂ ਸੁਲਝਾਉਣ ਦੀ ਦਾਰਸ਼ਨਿਕ ਵਿਧੀ ਹੈ। ਦਾਰਸ਼ਨਿਕ ਪ੍ਰਕ੍ਰਿਆ ਦੁਆਰਾ ਦਾਰਸ਼ਨਿਕ ਵਿਹਾਰ ਨਾਲ, ਦਾਰਸ਼ਨਿਕ ਸਿੱਟਿਆਂ ਅਤੇ ਨਤੀਜਿਆਂ ਤੇ ਪਹੁੰਚਿਆ ਜਾ ਸਕਦਾ ਹੈ। ਇਸ ਤਰ੍ਹਾਂ ਇਸ ਦਾ ਉਦੇਸ਼ ਆਮ ਅਤੇ ਵਿਆਪਕ ਨਤੀਜੇ ਪ੍ਰਾਪਤ ਕਰਨਾ ਹੈ। ਸਿੱਖਿਆ ਦਾ ਦਰਸ਼ਨ ਆਮ ਦਰਸ਼ਨ (Philosophy) ਤੋਂ ਬਹੁਤ ਖਾਸ ਹੈ। ਇਸ ਨੂੰ ਵੱਖ-ਵੱਖ ਕਰਨ ਲਈ ਸਿੱਖਿਆ ਦਰਸ਼ਨ ਦਾ ਖਾਸ ਮੰਤਵ ਬਣਾਇਆ ਗਿਆ ਹੈ। ਇਸ ਤਰ੍ਹਾਂ ਸਿੱਖਿਆ ਦੇ ਖੇਤਰ ਵਿੱਚ ਦਰਸ਼ਨ ਹੈ।

***1.4.8 ਸਿੱਖਿਆ ਦੇ ਦਰਸ਼ਨ ਦੇ ਕੰਮ* (Functions of Philosophy of Education) :** ਸਿੱਖਿਅਕ ਫਿਲਾਸਫੀ ਤਿੰਨ ਪ੍ਰਕਾਰ ਦੇ ਕੰਮ ਕਰਦੀ ਹੈ। ਕਾਲਪਨਿਕ (Speculative), ਆਦਰਸ਼ਕ (Normative) ਅਤੇ ਵਿਸ਼ਲੇਸ਼ਣੀ (Analytical).

***1. ਕਾਲਪਨਿਕ ਕੰਮ* (Speculative Functions) :**

ਇਸ ਦੇ ਕਾਲਪਨਿਕ ਪੱਖ ਵਿੱਚ ਵਿਗਿਆਨਕ, ਇਤਿਹਾਸਕ ਅਤੇ ਹੋਰ ਖੇਤਰਾਂ ਤੋਂ ਦਿੱਤੇ ਹੋਏ ਆਧਾਰਾਂ ਨੂੰ ਸੰਖਿਪਤ ਕਰਨ ਦੀ ਕੋਸ਼ਿਸ਼ ਕਰਦਾ ਹੈ; ਫਿਲਾਸਫੀ ਸਾਰੇ ਖੇਤਰਾਂ ਦਾ (overview) ਪ੍ਰਾਪਤ ਕਰਨ ਦੀ ਕੋਸ਼ਿਸ਼ ਹੈ। ਕਾਲਪਨਿਕ ਫਿਲਾਸਫੀ ਅਨੁਭਵ ਨਾਲ ਸੰਸਾਰ ਦਾ ਖਾਕਾ ਬਣਾਉਣ ਅਤੇ ਮਨੁੱਖ ਦਾ ਉਸ ਵਿੱਚ ਸਥਾਨ ਜਾਨਣ ਦੀ ਕੋਸ਼ਿਸ਼ ਹੈ। ਸਿੱਖਿਅਕ ਪ੍ਰੋਗਰਾਮਾਂ ਨੂੰ ਡਿਜ਼ਾਇਨ ਕਰਨਾ ਹੋਰ ਵੀ ਆਸਾਨ ਹੋ ਜਾਂਦਾ ਹੈ ਜੇ ਸਾਡੇ ਕੋਲ ਨਿਰਦੇਸ਼ਕ ਦੇ ਤੌਰ ਤੇ ਅਜਿਹੇ ਪ੍ਰਤੀਕ ਜਾਂ ਵਿਸ਼ੇਸ਼ ਸੂਚਕ ਹੋਣ। ਜੇਕਰ ਫਿਲਾਸਫੀ ਬ੍ਰਹਮਵਾਦੀ ਜਾਂ ਇਕਾਤਮਕ ਵਿਚਾਰ ਦੀ ਜਾਂ ਸੰਸ਼ਲੇਸ਼ਣ ਦੀ ਉਦਾਹਰਣ ਦੇ ਤੌਰ ਤੇ ਸਰਵ ਅਧਿਕਾਰ ਵਾਦੀ ਰਾਜ ਦੀ ਪ੍ਰਾਪਤੀ ਸਫਲਤਾ ਨਾਲ ਕਰ ਲਏ ਤਾਂ ਇਹ ਬ੍ਰਹਮਵਾਦੀ ਦਰਸ਼ਨ ਵਿੱਚ ਬਦਲ ਜਾਵੇਗੀ। ਹੋਰ ਕਿਸਮਾਂ ਜੋ ਕਿ ਵਖਰੇਵੇਂ ਵਿੱਚ ਏਕਤਾ ਲੱਭਦੀਆਂ ਹਨ ਅਤੇ ਜਦੋਂ ਇਹ ਦੋਨੋਂ ਸਿਧਾਂਤ ਘਟਾਏ ਜਾਣ ਤਾਂ ਇਸ ਨੂੰ ਦਵੈਤਵਾਦੀ (dualistic) ਕਿਹਾ ਜਾਂਦਾ ਹੈ। ਜਿਵੇਂ ਕਿ ਉਦਾਰਤਾ ਅਤੇ ਸਿੱਖਿਆ ਸੰਬੰਧੀ ਧਾਰਮਿਕ ਫਿਲਾਸਫ਼ੀ ਜੋ ਕਿ ਆਦਰਸ਼ਵਾਦੀ ਅਤੇ ਅਲੋਕਿਕਤਾਵਾਦੀ ਵਰਗੇ ਦੋ ਵੱਖ-ਵੱਖ ਵਿਚਾਰਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਉਹ ਸਾਰੀਆਂ ਫਿਲਾਸਫੀਆਂ ਜੋ ਕਿ ਨਾ ਤਾਂ ਬ੍ਰਹਮਵਾਦੀ ਹਨ ਅਤੇ ਨਾ ਹੀ

ਦਵੈਤਵਾਦੀ ਹਨ ਉਨ੍ਹਾਂ ਨੂੰ ਅਨੇਕਵਾਦ ਜਾਂ ਬਹੁਵਾਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਲੋਕਤੰਤਰ ਦੀ ਫਿਲਾਸਫੀ ਕਿਹੜੀ ਹੈ, ਦੀ ਉਦਾਹਰਣ ਹੈ ਕਿ ਜੋ ਸੈਂਟਰਲ ਸਿਧਾਂਤਾਂ ਦੇ ਮਾਮਲਿਆਂ ਦੀ ਸਿੱਖਿਆ ਦੇਵੇ ਅਤੇ ਵੱਖ-ਵੱਖ ਪ੍ਰਕਾਰ ਦੇ ਵਿਅਕਤੀਆਂ ਦੁਆਰਾ ਸੁਧਾਰ ਦੇ ਕੀਤੇ ਕੰਮਾਂ ਦੀ ਰੱਖਿਆ ਕਰੇ ਤੇ ਉਨ੍ਹਾਂ ਦੀ ਤਰੱਕੀ ਕਰੇ। ਨਵੇਂ ਤਜ਼ਰਬਿਆਂ ਦੀ ਲੋਅ ਵਿੱਚ ਸਿੱਖਿਅਕ ਅਨੁਭਵ ਸੁਧਾਰਨਾ ਤੇ ਉਨ੍ਹਾਂ ਨੂੰ ਇਕੱਠੇ ਕਰਨਾ।

ਕਿਉਂਕਿ ਇਹ ਸਾਰਾ ਕੁਝ ਕੁਦਰਤੀ ਪ੍ਰਸਪਰ ਸੰਬੰਧਿਤ ਨਹੀਂ ਹੈ ਅਤੇ ਸਿੱਖਿਆ ਇਸ ਦਾ ਸਿਰਫ਼ ਇੱਕ ਟੋਟਾ ਹੈ। ਇਹ ਸਾਰਾ ਪ੍ਰਸਪਰ ਸੰਬੰਧ ਇੱਕ ਮੁੱਖ ਪ੍ਰਮਾਣਿਕਤਾ ਹੈ। ਸਿੱਖਿਆ ਦੀ ਫਿਲਾਸਫੀਕਲ ਪੜ੍ਹਾਈ ਇਸ ਲਈ ਇੱਕ ਖੋਜ ਹੈ। ਇਹ ਪੇਸ਼ ਕੀਤਾ ਜਾਂਦਾ ਹੈ ਕਿ ਸਾਰੀ ਸਚਾਈ ਨੂੰ ਸਿੱਧ ਕਰਨਾ ਕੁਦਰਤ ਦਾ ਸਨਮਾਨ ਹੈ।

ਅੰਤਰ ਦ੍ਰਿਸ਼ਟੀ ਪ੍ਰਾਪਤ ਕਰਨ ਦਾ ਰਸਤਾ ਜਿਵੇਂ ਕਿ ਸੰਪੂਰਨ ਅਤੇ ਸੱਚਾ ਗਿਆਨ ਮਹੰਤ ਆਸ਼ਰਮਾਂ ਦੁਆਰਾ ਪ੍ਰਾਪਤ ਕਰਨਾ ਜਾਂ ਤਰਕਸ਼ੀਲ ਜਾਂ ਵਿਚਾਰਸ਼ੀਲ ਵਿਦਿਆ ਵਿਭਾਗਾਂ ਦੁਆਰਾ ਜੋ ਕਿ ਸੰਪੂਰਨ ਗੈਰ-ਅਨੁਭਵਵਾਦੀ ਸੱਚਾਈ ਨੂੰ ਸਮਝ ਸਕਣ ਦੀ ਅਦਭੁੱਤ ਯੋਗਤਾ ਰੱਖਦੇ ਹੋਣ। ਇਸ ਦਾ ਸਾਰ ਇਹ ਹੈ ਕਿ ਸਿੱਖਿਅਕ ਫਿਲਾਸਫੀ ਦਾਅਵਾ ਕਰਦੀ ਹੈ ਕਿ ਜੇ ਸੰਪੂਰਨ ਸਚਾਈ ਦੇ ਗਰੁੱਪ ਬਣਾ ਕੇ ਸਮਰਥਨ ਕੀਤਾ ਜਾਵੇ ਤਾਂ ਸਿਰਫ ਇੱਕ ਸੱਚੀ ਸਿੱਖਿਆ ਦੀ ਫਿਲਾਸਫੀ ਹੀ ਹੋ ਸਕਦੀ ਹੈ।

**2. ਆਦਰਸ਼ਕ ਕੰਮ (Normative Functions) :**

ਇਹ ਵਿੱਦਿਅਕ ਫਿਲਾਸਫੀ ਦੀ ਕੰਮ ਹੈ ਕਿ ਸਿੱਖਿਆ ਵਿਧੀਆਂ ਦੇ ਲਈ ਟੀਚੇ, ਆਦਰਸ਼, ਪੱਧਰ ਜਾਂ ਮਿਆਰਾਂ ਨੂੰ ਤਰਤੀਬਬੱਧ ਕਰੇ। ਇਸੀ ਪਾਠ ਵਿੱਚ ਕੁਝ ਪੱਧਰ ਜਾਂ ਸਧਾਰਣ ਕਾਲਪਨਿਕ ਫਰੇਮ ਵਿੱਚ ਵੀ ਪਹਿਲਾ ਦੱਸੇ ਗਏ ਹਨ। ਹੋਰ ਜੋ ਕਿ ਸੋਚੇ ਜਾ ਸਕਦੇ ਹਨ ਜਿਵੇਂ ਕਿ ਫਿਲਾਸਫੀ ਸਿੱਖਿਅਕ ਤਜਰਬੇ ਨੂੰ ਅਗਵਾਈ ਦਿੰਦੀ ਹੈ ਨਾ ਕਿ ਉਸ ਦਾ ਪਿੱਛਾ ਕਰਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਿੱਖਿਅਕ ਫਿਲਾਸਫੀ ਅਭਿਆਸ ਵਿੱਚ ਪਹਿਲਾਂ ਪ੍ਰਸਿੱਧ ਲਾਭਾਂ ਨੂੰ ਪ੍ਰਮਾਣਿਤ ਕਰਦੀ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਸਿੱਖਿਅਕ ਅਭਿਆਸ, ਅਣਰਸਮੀ ਰਿਵਾਜ ਅਚਾਨਕ ਹੀ ਵਧਾਉਂਦੀ ਹੈ। ਇਸ ਦੇ ਆਦਰਸ਼ ਕੰਮਾਂ ਵਿੱਚ ਆਯੋਜਿਤ ਸਿੱਖਿਅਕ ਫਿਲਾਸਫੀ ਸਭਿਆਚਾਰ ਦਾ ਨਵਾਂ ਖੇਤਰ ਉਲੀਕਦੀ ਹੈ। ਜਿਵੇਂ ਕਿ ਇਹ ਆਪਣੇ ਕਾਲਪਨਿਕ ਕੰਮਾਂ ਵਿੱਚ ਪੂਰਾ ਕਰਦੀ ਹੈ। ਇਹ ਤੱਥਾਂ ਅਤੇ ਕੀਮਤਾਂ ਦਾ ਸੰਬੰਧ ਹੈ। ਕੁਝ ਫਿਲਾਸਫਰਾਂ ਦਾ ਵਿਚਾਰ ਹੈ ਕਿ ਫਿਲਾਸਫੀ ਵਿਗਿਆਨ ਅਤੇ ਕੀਮਤਾਂ (Values) ਦੇ ਤੱਥਾਂ ਦੇ ਉੱਪਰ ਕੀਮਤੀ ਜਾਂ ਬਹੁਮੁੱਲਾਂ ਸਮਰਥਨ ਹੋ ਸਕਦਾ ਹੈ। ਪਰ ਇਹ ਕੁਝ ਕਰਨਾ ਮੁਸ਼ਕਲ ਵੀ ਹੋ ਸਕਦਾ ਹੈ ਜਿਵੇਂ ਕਿ ਕੁਝ ਖਾਸ ਕਿਸਮ ਦੇ ਧਾਰਮਿਕ ਸਕੂਲਾਂ ਵਿੱਚ ਕੁਝ ਨਿਸ਼ਚਿਤ ਉਦੇਸ਼ਾਂ ਅਤੇ ਕੀਮਤਾਂ ਨੂੰ ਨਿਰਧਾਰਤ ਕਰਨਾ ਚਾਹੁੰਦੀਆਂ ਹਨ ਅਤੇ ਇਥੇ ਵਿਗਿਆਨਕ ਤਕਨੀਕਾਂ ਪੂਰੀ ਤਰਾਂ ਨਿਰਧਾਰਤ ਹੁੰਦੀਆਂ ਹਨ ਕਿ ਕੀ ਕਰਨਾ ਹੈ। ਇਹ ਕੀਮਤਾਂ ਕਿਸੇ ਵੀ ਸਥਾਨ ਅਤੇ ਸਮੇਂ ਤੇ ਦਿੱਤੀਆਂ ਜਾ ਸਕਦੀਆਂ ਹਨ। ਜ਼ਿਆਦਾਤਰ ਕੀਮਤਾਂ ਦਾ ਮੁਲਾਂਕਣ ਕਰਨਾ ਬਹੁਤ ਗੁੰਝਲਦਾਰ ਹੈ ਜਿਵੇਂ ਕਿ ਸਮਾਜਕ ਅਤੇ ਸਭਿਆਚਾਰਕ ਤੱਤਾਂ ਦੀ ਸੂਚੀ ਤੇ ਵਿਸ਼ਾ-ਵਸਤੂ ਬਹੁਤ ਜ਼ਿਆਦਾ ਹੈ ਅਤੇ ਕਈ ਵਾਰ ਇਹ ਅਸ਼ਪਸ਼ੱਟ ਵੀ ਹੁੰਦੀ ਹੈ। ਇਹ ਆਸਾਨੀ ਨਾਲ ਹੱਲ ਨਹੀਂ ਹੁੰਦੇ, ਜੇ ਇਹ ਸਾਰੇ ਅਧਿਐਨ ਲਈ ਵੱਖ-ਵੱਖ ਕੀਤੇ ਜਾਣ ਪਰ ਫਿਰ ਸਾਰੇ ਹਾਲਾਤ ਦੀ ਲੋਅ ਵਿੱਚ ਤੁਲਨਾਤਮਕ ਅਧਿਐਨ ਕੀਤਾ ਜਾਵੇ।

**3. ਆਲੋਚਨਾਤਮਕ ਕੰਮ (Critical Functions) :**

ਸਿੱਖਿਅਕ ਫਿਲਾਸਫ਼ੀ ਦੇ ਕੰਮਾਂ ਵਿੱਚ ਸਿੱਖਿਅਕ ਵਿਚਾਰ ਅਤੇ ਅਧਿਐਨ ਇੱਕ ਆਲੋਚਨਾਤਮਕ ਰੀਵਿਊ ਹਨ। ਜਿਵੇਂ ਕਿ ਸਿੱਖਿਅਕ ਇਹ ਪੱਕਾ ਕਰਨਾ ਚਾਹੁੰਦੇ ਹਨ ਕਿ ਨਾ ਸਿਰਫ ਪ੍ਰੋਗਰਾਮ ਦਾ ਨਿਚੋੜ ਸਗੋਂ ਉਸਦੀ ਰਸਮੀ ਵੈਧਤਾ ਵੀ। ਇਹ ਤਿੰਨ ਤਰ੍ਹਾਂ ਨਾਲ ਹੋ ਸਕਦਾ ਹੈ ਜਿਵੇਂ

ਕਿ ਸਿੱਖਿਅਕ ਸਿੱਟੇ ਜੋ ਕਿ ਤਰਕਪੂਰਨ ਭੂਮਿਕਾ ਦੁਆਰਾ ਪਰਖੇ ਜਾਣ, ਭਾਸ਼ਾ ਸ਼ੱਕ ਰਹਿਤ ਅਤੇ ਸਾਫ ਹੋਵੇ, ਇਕੱਠੇ ਕੀਤੇ ਸਬੂਤ ਜੋ ਕਿ ਸਿੱਖਿਆ ਬਾਰੇ ਗਲਤ ਸਿੱਧ ਕੀਤੇ ਜਾਣ ਵਾਲੇ ਤੱਥਾਂ ਦੀ ਪੁਸ਼ਟੀ ਕਰਨਾ ਆਲੋਚਨਾਤਮਕ ਪ੍ਰੀਖਿਆ ਦੀਆਂ ਸੀਮਾਵਾਂ ਵੀ ਬਣਾਈਆਂ ਗਈਆਂ ਹਨ। ਉਹਨਾਂ ਵਿੱਚ ਇੱਕ ਰੱਖਿਆ ਦਾ ਸਾਧਨ ਹੈ। ਕਿ ਸੀਮਾਵਾਂ ਦੀ ਸੰਕੁਚਿਤ ਵਰਤੋਂ ਨਹੀਂ ਕਰਨੀ ਅਤੇ ਸਿਰਫ ਉਹ ਹੀ ਹੋਣ ਜੋ ਅਧਿਐਨ ਦੌਰਾਨ ਸਖ਼ਤ ਪੜਤਾਲ ਪਾਸ ਕਰ ਸਕਦੀਆਂ ਹੋਣ। ਇਹ ਫਿਲਾਸਫਰਾਂ ਦਾ ਫਰਜ਼ ਹੈ ਕਿ ਉਹ ਸਿੱਖਿਆ ਫਿਲਾਸਫ਼ੀ ਦੀ ਨਵੀਂ ਕਾਢ ਜਾਂ ਨਾ ਵਾਕਫ ਸਾਧਨਾਂ ਦੀ ਜਾਂਚ ਕਰਨ ਜਾਂ ਪਰਖਣ ਜਾਂ ਉਨ੍ਹਾਂ ਨੂੰ ਦੇਖਣ।

### 1.4.9 ਸਾਰ (Summary) :

ਇਨ੍ਹਾਂ ਸਾਰੀਆਂ ਚੀਜ਼ਾਂ ਦੀ ਧਾਰਨਾ ਨੂੰ ਸਾਫ ਕਰਨ ਸੰਬੰਧੀ ਇਹ ਪੂਰੀ ਤਰ੍ਹਾਂ ਜ਼ਰੂਰੀ ਹੈ ਕਿ ਭਾਸ਼ਾ ਪੂਰੀ ਤਰ੍ਹਾ ਸਮਝਣਯੋਗ ਅਤੇ ਸ਼ਾਬਦਿਕ ਹੋਵੇ। ਇਹ ਫਿਲਾਸਫ਼ੀ ਦੇ ਫਰਜ਼ਾਂ ਵਿਚੋਂ ਇੱਕ ਹੈ ਕਿ ਇਹ ਮਸਲੇ ਅਤੇ ਸ਼ਰਤਾਂ ਦਾ ਵਰਗੀਕਰਨ ਕਰਨ ਦਾ ਕੰਮ ਆਪਣੇ ਘੇਰੇ ਵਿੱਚ ਰੱਖੇ। ਭਾਸ਼ਾ ਦਾ ਵਿਸ਼ਲੇਸ਼ਣ ਵੀ, ਫਿਲਾਸਫੀ ਦੇ ਸੰਦਾਂ ਦੀ ਆਲੋਚਨਾ ਕਰਨਾ, ਇੱਕ ਬਹੁਤ ਹੌਂਸਲੇ ਵਾਲਾ ਕੰਮ ਹੈ।

### 1.4.10 ਸੁਝਾਏ ਪ੍ਰਸ਼ਨ (Suggested Questions)

1. ਸਿੱਖਿਆ ਦਰਸ਼ਨ ਤੋਂ ਕੀ ਅਰਥ ਲੈਂਦੇ ਹੋ? ਸਿੱਖਿਆ ਦੇ ਖੇਤਰ ਵਿਚ ਦਰਸ਼ਨ ਦੀ ਲੋੜ ਅਤੇ ਸਰੂਪ ਦੀ ਵਿਆਖਿਆ ਕਰੋ।
2. ਦਰਸ਼ਨ ਅਤੇ ਸਿੱਖਿਆ ਦੇ ਆਪਸੀ ਸੰਬੰਧਾਂ ਦੀ ਵਿਆਖਿਆ ਕਰੋ।

### 1.4.11 ਸੁਝਾਈ ਪੁਸਤਕ ਸੂਚੀ (Suggested Books)


1. ਰਾਸ, ਜੇਮਜ਼ : ਗਰਾਊਂਡ ਵਰਕ ਆਫ ਐਜੂਕੇਸ਼ਨਲ ਥਿਊਰੀ
2. ਤਨੇਜਾ, ਵੀ.ਆਰ. : ਐਜੂਕੇਸ਼ਨਲ ਥੌਟ ਐਂਡ ਪ੍ਰੈਕਟਿਸ
3. ਬਰਾਊਡੀ, ਐਚ.ਐਸ . : ਬਿਲਡਿੰਗ ਏ. ਫਿਲਾਸਫੀ ਆਫ ਐਜੂਕੇਸ਼ਨ
4. ਕਾਂਸਲ, ਐਮ.ਆਰ. : ਸਿੱਖਿਆ ਦਾ ਸਿਧਾਂਤ (ਪੰਜਾਬੀ)
5. ਸੋਢੀ, ਟੀ.ਐਸ. : ਸਿੱਖਿਅਕ ਫਲਸਫਾ ਅਤੇ ਸਮਾਜ-ਸ਼ਾਸਤਰ
6. ਸੋਢੀ, ਟੀ.ਐਸ. ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ